SANDALI RUTT
Poems By Prof. Sher Singh Kanwal
228-60TH ST., NIAGARA FALLS, NY-14304
U.S.A.
TELEPHONE : (716) 283-0284

© : ਕਵੀ

ਸਾਲ : 2006

ਚਿੱਤਰਕਾਰ : ਸੁਖਵੰਤ

ਪ੍ਰਕਾਸ਼ਕ :
ਪ੍ਰਤੀਕ ਪਬਲੀਕੇਸ਼ਨਜ਼,
718, ਰਣਜੀਤ ਨਗਰ-ਏ,
ਪਟਿਆਲਾ।
ਫੋਨ : 0175-5006463

ਲੇਜ਼ਰ ਟਾਈਪ ਸੈਟਿੰਗ :
ਲਵਲੀ ਗ੍ਰਾਫਿਕਸ, ਪਟਿਆਲਾ

ਪ੍ਰਿੰਟਰ :
ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ, ਪਟਿਆਲਾ

ਕੀਮਤ :
100/- ਰੁਪਏ

# ਸੰਦਲੀ ਰੁੱਤ

ਸ਼ੇਰ ਸਿੰਘ ਕੰਵਲ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

## • ਲੇਖਕ ਦੀਆਂ ਹੋਰ ਕਾਵਿ-ਰਚਨਾਵਾਂ

ਪੱਥਰ ਦੀ ਅੱਖ
ਗੁਲਾਬ ਫ਼ਾਨੂਸ ਤੇ ਬਰਫ਼ (ਭਾਈ ਵੀਰ ਸਿੰਘ ਪੁਰਸਕਾਰ ਵਿਜੇਤਾ-1977)
ਆਨੰਦਪੁਰ ਬਨਾਮ ਦਿੱਲੀ
ਮੋਹ-ਮਹਿਲ
ਕਾਸ਼ਨੀ ਦੇ ਫੁੱਲ (ਗ਼ਜ਼ਲ ਸੰਗ੍ਰਹਿ)
ਮਿੱਟੀ ਦੇ ਮੋਰ

## • ਛਪਣ ਹਿਤ

ਕੱਚ ਦੀਆਂ ਮੁੰਦਰਾਂ
ਢਾਈ ਪੱਤ ਮਛਲੀ ਦੇ
ਹੱਸਦੇ ਹੱਸੇ ਜਾਂਦੇ ਜਾਂਦੇ ਜਾਂਦੇ! (ਵਿਅੰਗ)
ਕਿੱਸਾ ਪ੍ਰਦੇਸੀ-ਰਾਂਝਣ (")

## ਤਰਤੀਬ


• ਉਹ ਸ਼ਾਮ/9
• ਯਾਦ/11
• ਉਹ ਦਿਨ/13
• ਉਦਾਸ ਸਫ਼ਰ/15
• ਮਹਿਰਮ ਕੁੜੀਏ/17
• ਗੀਤ/19
• ਸਹਿਰਾ/23
• ਪੀੜ ਪਰਾਈ/26
• ਵਸਲ-ਉਡੀਕਾ/28
• ਦੋ ਰੰਗ/30
• ਆਵੇ ਨਾ ਕੋਈ ਸਾਡੇ ਵਿਹੜੇ/32
• ਸਰਘੀ/34
• ਹੇ ਪ੍ਰੀਤਮ/36
• ਸੰਬੋਧਕ ਲਫ਼ਜ਼/37
• ਸੁਪਨ/ਯਾਦ/39
• ਪੂਰਨ/40
• ਉਦੋਂ ਤੇ ਹੁਣ/45
• ਖ਼ਤ/48
• ਬਾਤਾਂ/50
• ਬਚਪਨ/53
• ਮੇਰਾ ਪਿੰਡ/63
• ਮਾਂ ਇੱਛਰਾਂ ਧਾਹਾਂ ਮਾਰਦੀ...../72
• ਬਾਪੂ/74
• ਮੇਰਾ ਨਿੱਕਾ ਜਿਹਾ ਸਕੂਲ/78
• ਮੇਰੇ ਦੋਸਤ/80
• ਇਕ ਸੁਪਨੇ ਦਾ ਗੀਤ/83
• ਮੁਲਖ ਪਰਾਇਆ/86
• ਪਿੰਡ ਦਿਓ ਆਜੜੀਓ !/87

## ਲੇਖਕ ਦਾ ਜੀਵਨ ਬਿਉਰਾ

ਨਾਮ : [illegible]
ਜਨਮ : 15 [illegible] 194[illegible]
ਪਿਤਾ : ਸ੍ਰ. [illegible] ਸਿੰਘ [illegible]
ਮਾਤਾ : ਸਰਦਾਰਨੀ [illegible] ਕੌਰ
ਪਤਨੀ : ਸਰਦਾਰਨੀ ਸਤਵੰਤ ਕੌਰ
ਬੱਚੇ : ਹਰਿਸਿਮਰਨ ਕੌਰ (ਬੇਟੀ) ਹਰਿਕੀਰਤ ਸਿੰਘ (ਬੇਟਾ)

ਵਿਦਿਅਕ ਯੋਗਤਾ: ਐਮ. ਏ.

- ਖੇਤੀਬਾੜੀ ਵਿਭਾਗ 'ਚ ਕੰਮ ਕਰਨ ਉਪਰੰਤ ਬੀ. ਐਡ ਕਰਕੇ ਕੁਝ ਸਕੂਲਾਂ 'ਚ ਥੋੜ੍ਹੇ ਅਰਸੇ ਲਈ ਨੌਕਰੀ ਕਰਕੇ ਕੁਝ ਸਮਾਂ ਗੌ. ਕਾਲਜ ਟਾਂਡਾ, ਗੌ. ਕਾਲਜ ਕਰਮਸਰ ਤੇ ਮਗਰੋਂ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਕਾਲਜ ਮੋਗਾ ਹੁੰਦਿਆਂ ਨੌਕਰੀ ਛੱਡ ਕੇ 1980 'ਚ ਅਮਰੀਕਾ ਨਿਵਾਸ।

- 1964 'ਚ ਰੋਜ਼ਾਨਾ 'ਨਵੀਂ-ਪ੍ਰਭਾਤ' ਕਲਕੱਤਾ ਦੀ ਸਬ-ਐਡੀਟਰੀ ਨਾਲ ਪੰਜਾਬੀ ਪੱਤਰਕਾਰੀ 'ਚ ਪ੍ਰਵੇਸ਼ ਕਰਕੇ ਦੇਸ਼ ਵਿਦੇਸ਼ 'ਚ ਵਿਚਰਦਿਆਂ ਪੰਜਾਬੀ ਪੱਤਰਾਂ ਲਈ ਨਿਰੰਤਰ ਲਿਖਿਆ ਤੇ 85 'ਚ ਕੈਲੇਫੋਰਨੀਆਂ ਤੋਂ ਮਾਸਿਕ ਪੰਜਾਬੀ ਪੱਤਰ 'ਜਾਗੋ' ਪ੍ਰਕਾਸ਼ਿਤ ਕਰਨਾ ਆਰੰਭ ਕੀਤਾ। ਕਵਿਤਾ ਤੋਂ ਬਿਨਾਂ ਸਿੱਖਾਂ ਦੇ ਧਾਰਮਿਕ-ਸਿਆਸੀ ਮਸਲਿਆਂ 'ਤੇ ਪੰਜਾਬ ਦੇ ਮੇਲਿਆਂ ਸਬੰਧੀ ਸੈਂਕੜੇ ਆਰਟੀਕਲਜ਼ ਲਿਖੇ।

ਪੁਸਤਕਾਂ :

- ਪੱਥਰ ਦੀ ਅੱਖ (ਕਵਿਤਾ) 1970, ਆਨੰਦਪੁਰ ਬਨਾਮ ਦਿੱਲੀ (ਕਵਿਤਾ) 1977, ਗੁਲਾਬ ਫ਼ਾਨੂਸ ਤੇ ਬਰਫ਼ (ਕਵਿਤਾ) 1977, ਮੋਹ-ਮਹਿਲ (ਕਵਿਤਾ) 1981, ਰਾਜ ਕਰੇਗਾ ਖਾਲਸਾ (ਵਾਰਤਿਕ) 1996, ਕਾਸ਼ਨੀ ਦੇ ਫੁੱਲ (ਕਵਿਤਾ) 2003, ਮਿੱਟੀ ਦੇ ਮੋਰ (ਕਵਿਤਾ) 2005

- 1978 'ਚ 'ਗੁਲਾਬ, ਫ਼ਾਨੂਸ ਤੇ ਬਰਫ਼' ਉੱਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਭਾਈ ਵੀਰ ਸਿੰਘ ਪੁਰਸਕਾਰ ਤੇ ਅਨੇਕ ਸਾਹਿਤ ਸਭਾਵਾਂ ਤੇ ਸੰਸਥਾਵਾਂ ਵਲੋਂ ਕਈ ਸਨਮਾਨ।

- ਸੰਸਾਰ ਵਿਚ ਸਭ ਤੋਂ ਲੰਮੀ ਤੋਰੀ ਪੈਦਾ ਕਰ ਕੇ, ਕਿਸੇ ਖੇਤੀ ਉਪਜ ਲਈ ਪਹਿਲੇ ਸਿੱਖ, ਪੰਜਾਬੀ ਤੇ ਭਾਰਤੀ ਮੂਲ ਦੇ ਵਿਅਕਤੀ ਵਜੋਂ ਗਿੰਨਿਸ ਵਰਲਡ ਰਿਕਾਰਡ ਕਾਇਮ ਕੀਤਾ।

*ਆਪਣੀ ਸੁਪਤਨੀ ਸਤਵੰਤ ਲਈ....*



## ਉਹ ਸ਼ਾਮ

ਪਰਤ ਆਏ ਉਹ ਸ਼ਾਮ!
ਜਿਸ ਵਿਚ ਤੇਰੇ ਇੰਤਜ਼ਾਰ ਦਾ
ਛਲਕ ਪਵੇ ਫਿਰ ਜਾਮ!!

ਤੇਰੇ ਰੰਗ ਦੀ ਲਾਲੀ ਵਰਗਾ
ਫਿਰ ਅੰਬਰ ਹੋ ਜਾਵੇ।
ਮੱਦ-ਮੱਤਿਆਂ ਨੈਣਾਂ ਦੀ ਮਸਤੀ
ਪੱਛਮ ਵਿਚ ਘੁਲ ਜਾਵੇ।

ਸਿਰ ਤੋਂ ਉਡਦਾ ਕੋਈ ਪੰਛੀ
ਲੈ ਜਾਏ ਤੇਰਾ ਨਾਮ।
ਪਰਤ ਜਾਏ ਉਹ ਸ਼ਾਮ....

ਪੌਣ ਦਿਆਂ ਪੈਰ ਵਿਚ ਤੇਰੀ
ਤੋਰ ਤਾਲ ਦੇ ਜਾਵੇ।
ਤੇਰੇ ਅੰਗਾਂ ਦੀ ਖੁਸ਼ਬੋਈ
ਰੁੱਤ ਵਿਚ ਹੀ ਰਲ ਜਾਵੇ।

ਫੁੱਲਾਂ ਵਿਚੋਂ ਡੁੱਲ੍ਹ ਪਏ ਤੇਰੀ
ਸੰਗ ਵਰਗੀ ਮੁਸਕਾਨ।
ਪਰਤ ਆਏ ਉਹ ਸ਼ਾਮ...

ਨੀਲੱਤਣਾਂ ਦੀ ਡੂੰਘੀ ਨੈਂ ਵਿਚ
ਚੜ੍ਹ ਪਏ ਗ਼ਮ ਦਾ ਪਾਣੀ।
ਟਿਮਕ ਟਿਮਕ ਨੈਂ ਨ੍ਹਾਉਂਦੇ ਤਾਰੇ
ਤੇਰੀ ਕਰਨ ਕਹਾਣੀ।

ਇਕ ਇਕ ਦੇ ਦਰ ਜਾ ਕੇ ਤੇਰਾ
ਪੁੱਛੀਏ ਫੇਰ ਮੁਕਾਮ।
ਪਰਤ ਆਏ ਉਹ ਸ਼ਾਮ....

ਵਸਲ ਤੇਰੇ ਦਾ ਸੁਪਨਾ ਫਿਰ ਉਹ
ਲੰਘ ਜਾਏ ਅੱਖੀਆਂ ਥਾਣੀਂ।
ਓਹੀਓ ਕੱਚੜੀ ਰੁੱਤ ਆ ਜਾਵੇ
ਮਾਣੀ ਜੋ ਅਣ-ਮਾਣੀਂ।

ਵਸਲ ਪਲਾਂ ਦਾ ਅੱਥਰਾ ਘੋੜਾ
ਝੱਲਦਾ ਨਹੀਂ ਲਗਾਮ।
ਕਿੰਝ ਆਵੇ ਉਹ ਸ਼ਾਮ?
ਜਿਸ ਵਿਚ ਤੇਰੇ ਇੰਤਜ਼ਾਰ ਦਾ
ਛਲਕ ਪਵੇ ਫਿਰ ਜਾਮ!



## ਯਾਦ

ਯਾਦ ਤੇਰੀ ਦੇ ਫੁੱਲ ਨਰਗਸੀ
ਦਿਲ ਧਰਤੀ ਤੇ ਏਦਾਂ ਉੱਗੇ
ਜਿਵੇਂ ਅਕਾਸ਼ 'ਤੇ ਉਡਦੇ ਜਾਂਦੇ
ਕੁਝ ਬੱਦਲਾਂ ਦੇ ਫੰਭੇ ਵੇ!

ਨਿੱਤ ਤੇਰੀ ਖੁਸ਼ਬੋਅ ਨੂੰ ਲਭਦੇ
ਚਾਅ ਦੇ ਕੁਝ ਪੰਖੇਰੂ ਉੱਡਣ
ਚਹੁੰ-ਕੂਟਾਂ ਦਾ ਰਟਨ ਰਟੇਂਦੇ
ਇਹ ਨਾ ਅੱਕੇ ਹੰਭੇ ਵੇ!

ਚੰਨਿਆ ਵੇ! ਤੇਰਾ ਅਕਸ ਸੁਨਹਿਰੀ
ਅੰਬਰ ਸਾਡੇ ਇੰਝ ਆ ਲੱਥਾ
ਝੱਲ ਸਮੁੰਦਰ ਦੀ ਪੁੰਨਿਆ ਜਿਉਂ
ਫੁੱਲ ਚਾਨਣ ਦਾ ਕੰਬੇ ਵੇ!

ਨਿਰਜਿੰਦ ਜਿੰਦ ਇਹ ਉੱਠ ਖਲੋਵੇ
ਨਿੱਤ ਖੁਰਿਆਂ ਦੇ ਪਿੱਛੇ ਨੱਠੇ
ਜਦ ਕੋਈ ਡਾਚੀ ਦਾ ਪ੍ਰਛਾਵਾਂ
ਇਸ ਥਲ ਵਿਚੋਂ ਲੰਘੇ ਵੇ!

ਗੀਝਾਂ ਦੇ ਵੱਗ ਚਰਦੇ ਚਰਦੇ
ਪਰਤ ਪੈਣ ਢਲਦੇ ਪਛਾਵੀਂ
ਪਰ ਇਕ ਗੀਝ ਅੰਞਾਣੀ ਨਿੱਖੜੀ
ਧਰਤ ਤੇਰੀ ਤੇ ਰੰਭੇ ਵੇ।

ਜਿੰਦ ਪੀੜਾਂ ਦੇ ਪੀਹੜੇ ਬਹਿ ਕੇ
ਰੋਜ਼ ਹਿਜ਼ਰ ਦਾ ਚਰਖਾ ਡਾਹਵੇ
ਇਸ਼ਕ ਤਰੱਕਲੇ ਉੱਤੇ ਤੱਤੜੀ
ਤੰਦ ਉਮਰ ਦੀ ਤੰਦੇ ਵੇ!

ਯਾਦਾਂ ਦਾ ਇਕ ਚੀਣਾ ਸੁੱਟ ਕੇ
ਆਪੂੰ ਹੋ ਟੁਰਿਓਂ ਪਰਦੇਸੀ
ਕਾਰ ਦੰਮਾਂ ਦੀ ਕੱਢ ਗਿਓਂ ਜਿਹੜੀ
ਇਹ ਦੱਸ ਕਿਵੇਂ ਉਲੰਘੇ ਵੇ!

ਯਾਦ ਤੇਰੀ ਦੇ ਫੁੱਲ ਨਰਗਸੀ
ਦਿਲ ਧਰਤੀ ਤੇ ਏਦਾਂ ਉੱਗੇ
ਜਿਵੇਂ ਅਕਾਸ਼ 'ਚ ਉੱਡਦੇ ਜਾਂਦੇ
ਕੁਝ ਬੱਦਲਾਂ ਦੇ ਫੰਭੇ ਵੇ!



## ਉਹ ਦਿਨ....

ਮੇਰਿਆ ਮਿੱਤਰਾ !
ਉਹ ਵੀ ਦਿਨ ਸਨ
ਜਦ ਰਾਤਾਂ ਨੂੰ ਪਿੰਡ ਦੀ ਜੂਹ ਵਿਚ
ਚਾਨਣ ਦਾ ਦਰਿਆ ਤਰਦੇ ਸਾਂ।
ਤਿੱਖੜ-ਦੁਪਹਿਰੇ ਬੁੱਢੇ ਬੋਹੜ ਦੀ
ਬੁੱਕਲ ਦੇ ਵਿਚ ਤਾਸ਼ ਖੇਡ ਕੇ
ਤਨ ਮਨ ਦੀ ਗਰਮੀ ਹਰਦੇ ਸਾਂ।
ਰੰਗਾਂ ਦੀ ਬਾਰਸ਼ ਵਿਚ ਭਿੱਜਦੇ
ਵੱਟਾਂ-ਬੰਨਿਆਂ ਉੱਤੇ ਨੱਸਦੇ
ਸੁਆਦ ਸੁਆਦ ਹੋ ਘਰ ਮੁੜਦੇ ਸਾਂ।
ਡੂੰਘੀ ਆਥਣ ਸੱਥ ਵਿਚ ਗੱਡੇ
ਬੁੱਢੇ ਖੁੰਡਾਂ ਉੱਤੇ ਬੈਠੇ
ਬੁੱਢਿਆਂ ਦੇ ਵਿਚ ਆ ਜੁੜਦੇ ਸਾਂ।
ਭੱਠੀ ਉੱਤੇ ਬਹਿ ਕੇ ਰਾਤੀਂ ਸੁਆਹ ਫੋਲਦੇ
ਕੁੜੀ-ਚਿੜੀ ਦੀ ਗੱਲ ਤੁਰਦੀ ਸੀ।
ਕਿਸੇ ਖੇਤ 'ਚੋਂ ਚੋਰੀ-ਛਪੇ
ਛੱਚਰੇ ਤੋੜਨ ਗੰਨੇ ਭੰਨਣ
ਦੀ ਪਿਆਰੀ ਜੀਹ ਗੱਲ ਫੁਰਦੀ ਸੀ।
ਮੇਰਿਆ ਮਿੱਤਰਾ!
ਉਦੋਂ ਮਨ ਦੇ ਧੁਰ ਅੰਦਰ ਨਾ
ਵੇਦਨ ਦੀ ਸਪਨੀ ਵਸਦੀ ਸੀ
ਨਾ ਇਹ ਸਾਡਾ ਮਨ ਡਸਦੀ ਸੀ
ਨਾ ਇਹ ਸਾਡਾ ਤਨ ਡਸਦੀ ਸੀ
ਉਦੋਂ ਆਪਾਂ ਵੀ ਹਸਦੇ ਸਾਂ
ਉਦੋਂ ਦੁਨੀਆਂ ਵੀ ਹਸਦੀ ਸੀ।

ਹੁਣ ਤਾਂ ਯਾਰਾ!
ਦੂਰ-ਦੁਰਾਡੇ ਦੋਹ ਸ਼ਹਿਰਾਂ ਵਿਚ

ਇਕ ਮਿੱਠੀ ਜਿਹੀ ਚਾਰ-ਦੀਵਾਰੀ ਦੇ ਕੈਦੀ ਹਾਂ
ਵਿਹੜੇ ਦੇ ਵਿਚ ਦੂਰ-ਨੇੜਿਓਂ
ਇਕ ਮਨ-ਭਾਉਂਦੀ ਦਾਬ ਲਿਆ ਕੇ
ਇਕ ਅਜਿਹੀ ਟਾਹਣੀ ਬੀਜੀ
ਜਿਸ ਦੀ ਖੁਸ਼ਬੂ ਰੂਹ ਦੀ ਹਾਨਣ।
ਇਸ ਟਾਹਣੀ ਤੇ ਮੇਰਿਆ ਮਿੱਤਰਾ
ਬੜੇ ਪਿਆਰੇ ਫੁੱਲ ਖਿੜੇ ਹਨ
ਜੋ ਹੱਸਦੇ ਹਨ - ਜੱਗ ਹਸਦਾ ਹੈ
ਜੀਅ ਲਗਦਾ ਹੈ - ਘਰ ਵਸਦਾ ਹੈ
ਅਹੁਦਾ ਵੀ ਹੈ ਤੇਰੇ ਮਿੱਤਰਾ
ਜਿਸ ਦਾ ਨਿੱਤ ਮੈਂ ਝੁੰਬ ਮਾਰ ਕੇ
ਘਰ ਤੋਂ ਦਫ਼ਤਰ ਵੱਲ ਤੁਰਦਾ ਹਾਂ
ਸਭ ਕੁਝ ਹੁੰਦਿਆਂ-ਸੁੰਦਿਆਂ ਫਿਰ ਵੀ
ਕਣ ਕਣ ਭੁਰਦਾ ਤੇ ਖੁਰਦਾ ਹਾਂ
ਇਉਂ ਲਗਦਾ ਹੈ ਮੇਰਿਆ ਮਿੱਤਰਾ!
ਦਿਲ ਨੂੰ ਜਿਉਂ ਕੋਈ ਖੋਹ ਪੈਂਦੀ ਹੈ
ਮਨ ਲੁਛਦਾ ਹੈ ਰੂਹ ਢਹਿੰਦੀ ਹੈ।
ਦਫ਼ਤਰ ਦੇ ਵਿਚ ਕਦੇ ਦੁਪਹਿਰੇ
ਬੇਸਬਰੀ ਨਾਲ ਡਾਕ ਵੇਖਦੇ
ਤੇਰੇ ਨਾਂ ਦਾ ਜਾਂ ਫਿਰ ਪਿੰਡ ਦਾ
ਕਾਟ-ਲਿਫ਼ਾਫ਼ਾ ਜੇ ਲੱਭਦਾ ਹੈ।
ਜੀਅ ਲੱਗਦਾ ਹੈ।

ਖ਼ਤ ਨੂੰ ਪੜ੍ਹਦਾ, ਹੰਝੂਏਂ ਹੜ੍ਹਦਾ
ਸੋਨੇ ਵਰਗੇ ਇਹ ਦਿਨ ਭੁੱਲ ਕੇ
ਆਪਣੇ 'ਉਹ ਦਿਨ' ਚੇਤੇ ਕਰਦਾ
ਦਿਲ ਉਹਨਾਂ ਲਈ ਆਹ ਭਰਦਾ ਹੈ।
ਵਿਚੇ ਵਿਚ ਹੀ ਡੁੱਬ ਮਰਦਾ ਹੈ।

ਮੇਰਿਆ ਮਿੱਤਰਾ!
ਉਹ ਵੀ ਦਿਨ ਸਨ....!



## ਉਦਾਸ ਸਫ਼ਰ

ਕੱਲ੍ਹ ਦਾ ਸੀ ਸਫ਼ਰ
ਕਿੰਨਾ ਬੇਵਫ਼ਾ!

ਸਫ਼ਰ-
ਜਿਸ 'ਚ ਆਪਣਾ ਕੋਈ ਸੰਗ ਸੀ
ਕਿੰਨੀ ਸੂਹੀ ਅਰਘਵਾਨੀ ਸ਼ਾਮ ਸੀ
ਕਿੰਨਾ ਸੂਹਾ ਨਾਲ ਸਾਡੇ ਰੰਗ ਸੀ
ਏਨੀ ਮਿੱਠੀ ਵਾਸ਼ਨਾ ਇਹ ਕੌਣ ਸੀ?
ਸਾਹ 'ਚ ਜੀਹਦੇ ਭਿੱਜ ਗਈ ਅੱਜ ਪੌਣ ਸੀ!

ਬਾਤ -
ਜੁ ਸਾਹਾਂ 'ਚ ਸੀ ਪਲਦੀ ਪਈ
ਜਿੰਦ ਦੇ ਵਿਚ ਜਿੰਦ ਬਣਕੇ ਘੁਲ ਗਈ
ਆਤਮਾ ਨੂੰ ਅਜ਼ਲ ਤੋਂ ਡੰਗਦੀ ਰਹੀ
ਸੋਚਦਾ ਸਾਂ, ਆਪ ਹੀ ਹੋ ਜਾਏਗੀ
ਫੇਰ ਮੈਂ ਸਾਗਰ ਦੇ ਕੰਢੇ ਖੜਾਂਗਾ
ਤੂਫ਼ਾਨ ਲਈ ਚਟਾਨ ਤਦ ਮੈਂ ਬਣਾਂਗਾ
ਹਾਸਿਆਂ ਵਿਚ ਲਹਿਰ ਲਹਿਰ ਤਰਾਂਗਾ
ਤੇ ਹੋਰ ਇਕ ਪਲ-
ਹੋਰ ਕੰਢਾ ਆਏਗਾ
ਦੂਰ ਜਿਥੋਂ ਆ ਰਹੀ ਆਵਾਜ਼ ਹੈ
ਜਿਸ 'ਚ ਮੇਰੇ ਗੀਤ ਵਰਗੀ ਵੇਦਨਾ

ਜਿਸ 'ਚ ਮੇਰੀ ਕਲਪਨਾ ਦਾ ਰਾਜ਼ ਹੈ
ਜਿੰਦ ਜੁ ਉਮਰਾਂ ਤੋਂ ਮੇਰੇ ਹਾਣ ਦੀ
ਜਿੰਦ ਜੁ ਅਜ਼ਲਾਂ ਤੋਂ ਮੈਨੂੰ ਜਾਣਦੀ
ਤਲੀ ਤੇ ਮੁਸਕਾਨ ਲੈ ਕੇ ਆਏਗੀ
ਵਾਸ ਬਣ ਕੇ ਰਾਹ 'ਚ ਮੇਰੇ ਖੜੇਗੀ
ਦੂਰੀਆਂ ਮਜ਼ਬੂਰੀਆਂ ਨੂੰ ਤੋੜ ਕੇ
ਜ਼ਿੰਦਗੀ ਵਿਚ ਜ਼ਿੰਦਗੀ ਹੋ ਜਾਏਗੀ

ਪਰ –
ਕਿੰਨੀ ਨਿੱਕੀ ਸੁਪਨਿਆਂ ਦੀ ਉਮਰ ਹੈ!
ਕਿੰਨੀ ਨਿੱਕੀ ਸੁਪਨਿਆਂ ਦੀ ਦਾਸਤਾਂ!
ਸਫ਼ਰ ਵਿਚ ਇਕ ਜ਼ਹਿਰ ਕੌੜੀ ਘੁਲ ਗਈ
ਹਾਸਿਆਂ ਦੀ ਮਰ ਗਈ ਉਹ ਕਹਿਕਸ਼ਾਂ
ਤੇ ਫੇਰ ਜਦ ਮੈਂ ਵੇਖਿਆ
ਆਪਣਾ ਹੀ ਰੰਗ ਉਹ ਬਦਰੰਗ ਸੀ
ਓਸਦੇ ਚਿਹਰੇ ਤੇ ਇਕ ਬੇਗਾਨਗੀ
ਓਸਦੇ ਨੈਣਾਂ 'ਚ ਫਿੱਕੀ ਸੰਗ ਸੀ

ਸਫ਼ਰ ਦਾ ਉਹ ਫੁੱਲ ਮੇਰੇ ਹਾਣ ਦਾ
ਸਫ਼ਰ ਦਾ ਉਹ ਫੁੱਲ ਮੈਨੂੰ ਜਾਣਦਾ
ਹਾਸਿਆਂ ਵਿਚ ਬੇਖ਼ਬਰ ਹੱਸਦਾ ਰਿਹਾ
ਸਫ਼ਰ ਵਿਚ ਉਦਾਸ ਪਲ ਪਲਦੇ ਰਹੇ
ਸਫ਼ਰ ਇਹ ਇਕ ਨਾਗ ਬਣ ਡੱਸਦਾ ਰਿਹਾ।

ਕੱਲ੍ਹ ਦਾ ਸੀ ਸਫ਼ਰ –
ਕਿੰਨਾ ਬੇਵਫ਼ਾ
ਕੱਲ੍ਹ ਜਿਸ 'ਚ ਕਤਲ ਮੇਰਾ ਹੋ ਗਿਆ
ਲਾਸ਼ ਮੇਰੀ ਰਾਤ ਭਰ ਰੋਂਦੀ ਰਹੀ
ਸੁਪਨਾ ਸਾਡਾ ਅੱਖੀਆਂ 'ਚੋਂ ਚੋਅ ਗਿਆ!



## ਮਹਿਰਮ ਕੁੜੀਏ

ਮਹਿਰਮ ਕੁੜੀਏ! ਕੀ ਗੱਲ ਕਰੀਏ
ਕੀ ਕੀ ਪਾਈਏ ਬਾਤ!!
ਸਾਹੀ ਝਲੀ ਤੂੰ ਚੰਨ-ਟੁਕੜਾ
ਫਿਰ ਅੰਧਿਆਰੀ ਰਾਤ!!!

ਤਾਰਿਆਂ ਜੜਿਆ ਗਗਨ ਚੰਦੋਆ
ਵਿਚ ਇਕ ਛੱਬਾ ਚੰਨ ਦਾ।
ਜਿੰਦ ਕੁੜੀ ਇਸ ਹੇਠਾਂ ਬੈਠੀ
ਲੈ ਦੁੱਖ ਤਨ ਦਾ ਮਨ ਦਾ!

ਪਰ ਨੀਂ ਕੁੜੀਏ ਦੁੱਖ-ਦੁ-ਮੂੰਹੇਂ
ਪਲ ਪਲ ਡੰਗ ਚਲਾਉਂਦੇ।
ਪੋਟੇ ਪੋਟੇ ਪੁੜੀਆਂ ਜ਼ਹਿਰਾਂ
ਮੰਤਰ ਮੂਲ ਨਾ ਆਉਂਦੇ!

ਸ਼ੀਲ ਤਾਂ ਸਾਡੇ ਅੰਦਰ ਵਸਦੀ
ਵਿਹਲ ਨਾ ਇਕ ਤਾਰੀ ਦਾ।
ਹਫੀਏ, ਡਿੱਗੀਏ, ਉੱਠੀਏ, ਉੱਡੀਏ
ਦਿਲ ਨਾ ਫਿਰ ਹਾਰੀਦਾ।

ਇਹ ਜੋ ਟਿਮ ਟਿਮ ਟਿਮਕਣ ਤਾਰੇ
ਰੰਗ ਰੰਗੀਨ ਟਟਹਿਣੇ।
ਅਸਾਂ ਤੇ ਉੱਡਣਾ ਇਹ ਗ੍ਰਹਿ ਦਿਸਦੇ
ਸਭ ਬੋਝੇ ਪਾ ਲੈਣੇ।

ਪਰ ਪਰੀਏ! ਪਰ ਭਟਕਣ ਬੰਨ੍ਹ ਕੇ
ਉੱਡਦਿਆਂ ਉੱਡਦੇ ਜਾਈਏ।
ਕਦੇ ਕਦੇ ਪਰ ਮਨ ਭਰ ਆਵੇ
ਕਿਸਨੂੰ ਦਰਦ ਸੁਣਾਈਏ?

ਇਕ ਗ਼ਮ ਦਿਲ ਦਾ ਇਕ ਗ਼ਮ ਤੇਰਾ
ਜਾਂ ਇਕ ਗ਼ਮ ਲੋਕਾਂ ਦਾ।
ਝੋਰਾ ਬਣ ਕੇ ਦਿਲ ਨੂੰ ਲੱਗਿਆ
ਨਿਸ ਦਿਨ ਜਿੰਦ ਨੂੰ ਖਾਂਦਾ।

ਦੁੱਖਾਂ ਦੇ ਪੁੜ ਤਾਂ ਚਲਦੇ ਰਹਿੰਦੇ
ਜਿੰਦ ਇਕ ਪਿਸਦੀ ਜਾਵੇ।
ਪਰ ਇਕ ਭਟਕਣ ਪਰ ਇਕ ਲੋਚਾ
ਫੇਰ ਨਾ ਕੁੜੀਏ ਜਾਵੇ!

ਕਹੀਏ ਤਾਂ ਦਸ ਕੀ ਕੀ ਕਹੀਏ!
ਕਹਿੰਦਿਆਂ ਦੁੱਖ ਵੱਧ ਜਾਂਦੇ!!
ਅਸੀਂ ਤਾਂ ਦੁੱਖ ਦੇ ਵਸਤਰ ਪਹਿਨੀਂ
ਅੰਬਰੀਂ ਉੱਡਦੇ ਜਾਂਦੇ!!



## ਗੀਤ

ਫੁੱਲੀਆਂ ਧ੍ਰੇਕਾਂ ਮੇਰੇ
ਦਿਲਾਂ ਦਿਆ ਮਹਿਰਮਾ ਵੇ
ਗੋਰੀ ਗੋਰੀ ਧੁੱਪ ਲੱਥੀ ਆ।

ਗੋਰੇ ਗੋਰੇ ਪਿੰਡੇ ਸਾਡੇ
ਲੜੀ ਬਣ ਨਾਗਣੀ ਵੇ
ਮੱਠਾ ਮੱਠਾ ਗਈ ਏ ਭਖ਼ਾਅ।

ਅੰਬੀਆਂ ਸ਼ਰਾਬਣਾਂ
ਮਜਾਜਣਾਂ ਨੇ ਝੂਮ ਪਈਆਂ
ਲੋਹੜਿਆਂ ਦਾ ਬੂਰ ਵੇ ਪਿਆ।

ਕੋਇਲ ਦਾ ਵੀ ਢੋਲ
ਪਰਦੇਸੀ ਪਰਦੇਸੀਆ ਵੇ
ਨਿੰਮੋਝੂਣੀ ਬੈਠੀ ਤਾਹੀਓਂ ਆ।

ਚੰਦਰੀ ਦੀ ਹੂਕ
ਮੇਰੇ ਸੀਨੇ 'ਚੋਂ ਬੰਦੂਕ ਬਣ
ਗਈ ਵੇ ਕਲੇਜੇ ਛੇਕ ਪਾ।

ਚੜ੍ਹਿਆ ਕੀ ਸਾਉਣ
ਤੇਰੇ ਸਾਹਾਂ ਜਿਹੀ ਪੌਣ
ਸਾਡੇ ਅੰਬਰਾਂ ਨੂੰ ਗਈ ਅੱਗ ਲਾ।

ਅੰਗਣੇ ਦੇ ਸਰੂ ਵਾਂਗੂ
ਬੁੱਤ ਸਾਡਾ ਝੂੰਮਿਆ ਵੇ
ਚਲੀ ਤੇਰੀ ਯਾਦ ਦੀ ਹਵਾ।

ਚਾਰ ਭਰ ਚੁੰਗੀਆਂ
ਚੁਬਾਰੇ ਉੱਤੇ ਆਣ ਚੜ੍ਹੀ
ਛਿੱਕੂ ਚੰਨਾ ਫੋਲ ਵੇ ਲਿਆ।

ਚਿੱਠੀਆਂ ਸੀ ਮਿੱਠੀਆਂ
ਮੈਂ ਪੜ੍ਹ ਬੈਠੀ ਸਾਰੀਆਂ ਹੀ
ਕਾਲਜੇ ਨੂੰ ਹੌਲ ਵੇ ਪਿਆ।

ਚੜ੍ਹ ਗਈ ਅਕਾਸ਼ ਵਿਚ
'ਆਹ' ਵੇ ਵਰੋਲੇ ਵਾਂਗੂ
ਪਲਾਂ ਵਿਚ ਹੋਇਆ ਵੇ ਸਿਆਹ।

ਇਕ ਝੜੀ ਅੰਬਰਾਂ 'ਚੋਂ
ਇਕ ਝੜੀ ਅੱਖੀਆਂ 'ਚੋਂ
ਦੋਹਾਂ ਸਾਨੂੰ ਘੇਰ ਵੇ ਲਿਆ।

ਲੱਖ ਮੈਂ ਬੁਲਾਈਆਂ ਪਰ
ਬੋਲੀਆਂ ਨਾ ਮੂਰਤਾਂ ਵੇ
ਜਿਹੜੀਆਂ ਸੀ ਆਪੂੰ ਗਿਆ ਲਾ।

ਭਿੱਜੀ ਭਿੱਜੀ ਚੇਤਨਾ 'ਚ
ਸੁਪਨੇ ਦੇ ਵਾਂਗ ਤੈਨੂੰ
ਅਸਾਂ ਫੇਰ ਲਿਆ ਵੇ ਬੁਲਾ।

ਕਿਹੜੀ ਗੱਲ ਕਰੀਏ ਤੇ
ਕਿਹੜੀ ਗੱਲ ਛੱਡੀਏ ਵੇ
ਦਿਲ ਸਾਡਾ ਭਰਿਆ ਪਿਆ।

ਦਿਲ 'ਚ ਵੀ ਸੇਕ ਅਤੇ
ਢਿੱਡ 'ਚ ਵੀ ਸੇਕ ਹੈ ਵੇ
ਤਦੋਂ ਤੈਨੂੰ ਲੋਭੀ ਨਾ ਕਿਹਾ।



ਮੁੱਦਤਾਂ ਤੋਂ ਦਿਲ ਵਾਲੇ
ਸੇਕ ਨੂੰ ਹੈ ਦੱਬ ਲੈਂਦਾ
ਢਿੱਡ ਦਾ ਇਹ ਸੇਕ ਵੇ ਕੇਹਾ!

ਦਿਲ ਤੇਰਾ ਦੇਸ
ਅਤੇ ਬੁੱਤ ਪਰਦੇਸ ਵਿਚ
ਕਿਵੇਂ ਵੇ ਤੂੰ ਵੰਡਿਆ ਗਿਆ!

ਬੈਠ ਮੇਰੇ ਚੰਨਣਾ
ਮੈਂ ਅੱਜ ਨਹੀਓਂ ਸੰਗਣਾ ਵੇ
ਦੇਣੀ ਤੈਨੂੰ ਗੱਲ ਸਮਝਾ

ਸੋਹਣਿਆਂ ਮਹੀਨਿਆਂ 'ਚ
ਏ'ਤਰਾਂ ਨਗੀਨਿਆਂ ਵੇ
ਕਦੋਂ ਤੱਕ ਲੁੱਛਣਾ ਭਲਾ?

ਕਿੰਨੇ ਜੁਗ ਦੇਸ-ਪਰਦੇਸ
ਦੀ ਇਹ ਵਿਥ ਭੈੜੀ
ਤੈਨੂੰ ਮੈਨੂੰ ਕਰੇਗੀ ਜੁਦਾ?

ਧਰਤੀ ਤੇ ਬੁਝ ਭਲਾ
ਲੀਕਾਂ ਕੀਹਨੇ ਮਾਰੀਆਂ ਨੇ?
ਏਨਾ ਥੋੜ-ਦਿਲਾ ਨਹੀਂ ਖ਼ੁਦਾ!

ਕਿਹੜੀ ਭੋਲੀ ਤਿਤਰੀ
ਕੁਮਾਦੋਂ ਤੁਰੀ ਬੋਟ ਲੈ ਕੇ?
ਕੌਣ ਭਲਾ ਬਾਜ਼ ਵੇ ਪਿਆ?

ਸੱਪਾਂ ਦਿਆਂ ਸਿਰਾਂ ਉੱਤੇ
ਪੈਰ ਧਰੀ ਜਾਗਿਆ ਜੋ
ਸਿਰ ਕਿਵੇਂ ਵੱਢਿਆ ਗਿਆ?

ਕਣਕਾਂ ਤੇ ਕੰਜਕਾਂ ਨੂੰ
ਲੁੱਟਿਆ ਦੁਪਹਿਰ ਜਦੋਂ
ਲੂਕਾ ਵੇ ਤੂੰ ਮਰ ਨਾ ਗਿਆ।

ਆ ਜਾ ਮੇਰੇ ਢਲਿਆ
ਤੂੰ ਕਹਿਰਾਂ ਦਿਆ ਭਲਿਆ ਵੇ
ਮੈਨੂੰ ਵੀ ਲੈ ਨਾਲ ਵੇ ਰਲਾ।

ਸੀਸ ਮੇਰਾ ਜਾਗਦਾ ਤੇ
ਤਲੀ ਵੀ ਉਤਾਵਲੀ ਏ
ਨੱਚਣੇ ਦਾ ਮਨ ਮੇਰੇ ਚਾਅ।

ਬਣ ਕੇ ਸਰਕੜਾ ਆ
ਕੱਖ ਕੰਡੇ ਹੂੰਝੀਏ ਵੇ
ਬਣ ਬਣ ਵੇਖ ਲਿਆ ਘਾਹ।

ਦੂਰੀਆਂ ਨੂੰ ਤੋੜ
ਆਸਾਂ ਪੂਰੀਆਂ ਅਧੂਰੀਆਂ ਵੇ
ਤੋੜ ਜਿਹੜਾ ਆਖਾਂ ਮੈਂ ਚੜ੍ਹਾ।

ਨੱਚ ਮੇਰੇ ਰਾਂਝਿਆ
ਤੂੰ ਦਿਲਾਂ ਦਿਆ ਸਾਂਝਿਆ ਵੇ
ਬਾਂਹ ਮੇਰੀ ਬਾਂਹ ਵਿਚ ਪਾ।

ਏਹੋ ਜਿਹੀ ਰੁੱਤ ਵਿਚ
ਮੇਰੀ ਚੰਨਾਂ ਗੁੱਤ ਵੇਖੀਂ
ਨਾਗ ਨੂੰ ਵੀ ਕਿਵੇਂ ਲੈਂਦੀ ਢਾ।

ਚਾਨਣੇ ਨੂੰ ਵੰਡੀਏ ਤੇ
ਆ ਜਾ ਲੋਹਾ ਚੰਡੀਏ ਵੇ
ਮੌਸਮਾਂ ਨੂੰ ਲਈਏ ਗਰਮਾ।



## ਸਹਿਰਾ

ਮੈਂ ਸਹਿਰਾ ਹਾਂ ਮੇਰੇ ਦੋਸਤ
ਦਰਦ-ਕਣਾਂ ਸੰਗ ਭਰਿਆ!

ਏਥੇ ਤਾਂ ਕੋਈ ਫੁੱਲ ਨਾ ਖਿੜਿਆ
ਜੁ ਵੰਡੇ ਖੁਸ਼ਬੋਈ
ਪੌਣ ਜੁ ਇਸਦੇ ਵਿਹੜੇ ਆਈ
ਅੱਗ ਦੀ ਹਾਨਣ ਹੋਈ।

ਜੁ ਰੁੱਖ ਕਿਸੇ ਸਵੇਰੇ ਉੱਗਿਆ
ਸਿਖਰ ਦੁਪਹਿਰੀਂ ਸੜਿਆ।
ਮੈਂ ਸਹਿਰਾ.....

ਹਰ ਸੂਰਜ ਲੈ ਸੁੱਚੀਆਂ ਕਿਰਨਾਂ
ਜਦ ਮੇਰੇ ਵੱਲ ਟੁਰਿਆ।
ਚਾਨਣ ਦੀ ਉਹ ਮੌਤ ਵਣਜ ਕੇ
ਰੋਂਦਾ ਰੋਂਦਾ ਮੁੜਿਆ।

ਮੇਰੀ ਤਾਂ ਕਾਲਖ ਨੇ ਉਸਦੇ
ਸੱਤ-ਰੰਗਾਂ ਨੂੰ ਵਰਿਆ।
ਮੈਂ ਸਹਿਰਾ....

ਏਥੇ ਤਾਂ ਵਸਦੇ ਨੇ ਦੋਸਤ
ਬਾਸ਼ਕ-ਨਾਗ ਜ਼ਹਿਰੀਲੇ।

ਕੌਣ ਜੁ ਇਹਨਾਂ ਗਲੇ ਲਗਾਵੇ
ਕੌਣ ਜੁ ਇਹਨਾਂ ਕੀਲੇ ?

ਉਹ ਜੋਗੀ ਏਥੇ ਲੁੱਛ ਲੁੱਛ ਮਰਿਆ
ਜਿਸ ਜਿਸ ਮੰਤਰ ਪੜ੍ਹਿਆ।
ਮੈਂ ਸਹਿਰਾ....

ਇਸ ਥਲ ਦੇ ਵਿਚ ਕੁਝ ਪ੍ਰਛਾਵੇਂ
ਖੁਰੇ ਖੋਜਦੇ ਰਹਿੰਦੇ
ਵਾਟਾਂ 'ਚੋਂ ਟੱਲੀਆਂ ਦੇ ਦੋਸਤ
ਹੈਨ ਭੁਲੇਖੇ ਪੈਂਦੇ।

ਛਾਲੇ ਹੋ ਢਲ ਪਏ ਪ੍ਰਛਾਵੇਂ
ਮੈਂ ਤੱਤੜਾ ਨਾ ਠਰਿਆ!
ਮੈਂ ਸਹਿਰਾ.....

ਬਣ ਬਣ ਰਾਤੀਂ ਹਾੜ ਬੋਲਦੇ
ਮਿੱਤਰ ਅਸਾਡੇ ਮੋਏ।
ਜਾਂ ਉਹਨਾਂ ਦੀ ਯਾਦ 'ਚ ਦੋਸਤ
ਹੁਣ ਇਕ ਨਗ਼ਮਾ ਰੋਏ!

ਇਹ ਨਗਮਾ ਹਰ ਰਾਤੀਂ ਮਰਿਆ
ਚੁੱਪ ਨਾ ਚੰਦਰਾ ਕਰਿਆ!
ਮੈਂ ਸਹਿਰਾ.....



ਹਰ ਮੌਸਮ ਦੇ ਰੰਗ ਗਵਾਚੇ
ਜੁ ਸਨ ਇਸਦੇ ਹਾਣੀ।
ਡਰ ਹੈ ਇਸਦੇ ਹੱਥੋਂ ਇਹ ਰੁੱਤ
ਰਹਿੰਦੀ ਵੀ ਕਿਰ ਜਾਣੀ।

ਮੇਰੇ ਸਿਰਜਕ ਮੇਰੇ ਮੱਥੇ
ਹਰਫ਼ ਮੌਤ ਦਾ ਧਰਿਆ
ਮੈਂ ਸਹਿਰਾ....

ਮੈਂ ਇਕ ਲਾਸ਼ ਹਿਜ਼ਰ ਦੀ ਜਿਸ 'ਚੋਂ
ਆਹਾਂ ਦਾ ਸਾਹ ਚੱਲੇ।
ਪੀੜਾਂ ਦਰਦਾਂ ਦਾ ਸਰਮਾਇਆ
ਬੱਸ ਹੁਣ ਮੇਰੇ ਪੱਲੇ।

ਮੇਰੀ ਤਾਂ ਜੁ ਜੂਹ ਵਿਚ ਆਇਆ
ਉਹ ਹੀ ਮੈਤੋਂ ਡਰਿਆ।
ਮੈਂ ਸਹਿਰਾ....

## ਪੀੜ-ਪਰਾਈ

ਇਹ ਜਿੰਦ ਸਾਡੀ, ਅਥਰੂ ਪੀਵੇ!
ਭੋਗ ਭੋਗ ਗ਼ਮ ਵਰਚੇ ਕਾਮਣ
ਦਰਦ ਸਹੇ ਸਹਿ ਜੀਵੇ!!

ਸੈਅ ਖੁਸ਼ਬੋਆਂ ਏਸ ਦਹਿਲੀਜ਼ੇ
ਲੈ ਨਜ਼ਰਾਨੇ ਆਵਣ।
ਕਿਰਨ-ਮ-ਕਿਰਨੀਂ ਕਿਰਨਾਂ ਇਸਦਾ
ਰਾਹ ਆਵਣ ਰੁਸ਼ਨਾਵਣ।

ਇਹ ਕਮਲੀ ਹਰ ਨੂਰ ਗਵਾਵੇ
ਨ੍ਹੇਰ ਦੇ ਘੁਟ ਭਰੀਵੇ।
ਇਹ ਜਿੰਦ ਸਾਡੀ ਅੱਥਰੂ ਪੀਵੇ!

ਇਸ ਵਿਹੜੇ ਨਿੱਤ ਚੰਬਾ ਖਿੜਦਾ
ਪਰ ਇਸ ਮੂਲ ਨਾ ਭਾਵੇ।
ਹਰ ਹਾਸਾ ਹਰ ਚੁੰਮਣ ਊਣਾ
ਇਸਦੇ ਮੇਚ ਨਾ ਆਵੇ।

ਕੌਣ ਵਸਲ ਹਿਤ ਇਹ ਵਣਜਾਰਨ
ਹਿਜ਼ਰ ਦਾ ਵਣਜ ਕਰੀਵੇ?
ਇਹ ਜਿੰਦ ਸਾਡੀ, ਅਥਰੂ ਪੀਵੇ।



ਏਸ ਵਿਯੋਗਣ ਦੇ ਹੱਥ ਕਾਸਾ
ਜ਼ਹਿਰ-ਸਖ਼ਾਵਤ ਮੰਗੇ
ਕਿਉਂ ਕਰ ਨਾਗ-ਨਿਵਾਸ ਭੁਲੇਰੇ
ਕਿਉਂ ਕਰ ਸੱਥਰ ਚੰਗੇ?

ਕਿਉਂ ਆਪਣੇ ਇਹ ਜ਼ਖਮ ਲਕੋਵੇ
ਫੱਟ ਬੇਗਾਨੇ ਸੀਵੇ?
ਇਹ ਜਿੰਦ ਸਾਡੀ, ਅਥਰੂ ਪੀਵੇ।

ਇਹ ਜਿੰਦ ਸਾਡੀ ਪੀੜ ਵੇ ਲੋਕਾ
ਦੁਖਿਆਰਨ ਗ਼ਮ-ਖਾਣੀ!
ਕਲ ਇਕ ਹੋਰ ਪੀੜ ਇਸ ਵਣਜੀ
ਉਹ ਵੀ ਇਸਦੀ ਹਾਣੀ।

ਓਸ ਪੀੜ ਲਈ ਸ਼ਗਨ ਮਨਾਵੇ
ਧਰੇ ਚੌ-ਮੁਖੀਏ ਦੀਵੇ।
ਇਹ ਜਿੰਦ ਸਾਡੀ, ਅਥਰੂ ਪੀਵੇ।

ਕਿੰਨੇ ਹੱਜ ਥਲਾਂ ਦੇ ਮਿਲਸਣ
ਪੰਸਣ ਸੂਹੇ ਛਾਲੇ।
ਜੇ ਪੁੰਨੂੰ ਨੂੰ ਲੈ ਵੰਞਣ ਇਹ
ਜ਼ਾਲਮ ਊਠਾਂ ਵਾਲੇ।

ਜਗਰਾਤੇ ਇਸ ਮੁੱਲ ਨਾ ਮਹਿੰਗੇ
ਯਾਰ ਸਲਾਮਤ ਥੀਵੇ!
ਇਹ ਜਿੰਦ ਸਾਡੀ, ਅਥਰੂ ਪੀਵੇ।

## ਵਸਲ-ਉਡੀਕਾ

ਚਾਂਦੀ ਵੰਨੇ ਚਾਨਣ ਦਾ ਰੰਗ ਮਾਨਣ ਦੀ
ਵਿਚ ਕਲਪਣਾ ਲੋਚਾ ਨਿਸਦਿਨ ਤਰੇ ਪਈ!
ਸ਼ਹੁ-ਰਾਤਾਂ ਦੇ ਹਾਣੀ ਸਾਗਰ-ਪਾਣੀ ਵਿਚ
ਚੰਨ ਦੀ ਕੰਤਰ ਜਿਵੇਂ ਸੁਨਹਿਰੀ ਖਰੇ ਪਈ।

ਰੁਦਨ ਕਰੇਂਦੇ ਸੁਪਨੇ ਨੈਣੀਂ ਮਰਨ ਪਏ
ਹਰ ਸੁਪਨੇ ਦੀ ਪਲਕਾਂ ਅੰਦਰ ਕਬਰ ਬਣੇ।
ਸ਼ਹਿਰ ਕਿਸੇ ਕੋਈ ਜੋਗੀ ਅਲਖ ਜਗ੍ਹਾ ਕੇ ਜਿਓਂ
ਨਿਰ-ਭਿੱਛਤ ਮੁੜ ਟਿੱਲੇ ਆਪਣੀ ਚਿਖਾ ਚਿਣੇ।

ਲੋਹ-ਕੰਧ ਇਕ ਜੁ ਦੂਰੀ ਦੀ ਮਜ਼ਬੂਰੀ ਦੀ
ਮੇਰੇ ਬੁੱਤ ਨੂੰ ਤੇਰੇ ਬੁੱਤ ਤੋਂ ਜੁਦਾ ਕਰੇ।
ਕਿਉਂ ਅਲਸਾਏ ਅੰਗਾਂ ਟੁਟਦੇ ਰੰਗਾਂ ਵਿਚ
ਪੱਛਮ ਵਿਚ ਸਰਘੀ ਨੂੰ ਸੂਰਜ ਵਿਦਾ ਕਰੇ।

ਹਰ ਛੁਪਦੇ ਦਿੰਹੁ ਅੰਦਰ ਸੁੱਚੇ ਮੰਦਰ ਵਿਚ
ਗ਼ਮ ਤੇਰੇ ਦੀ ਰਹਿ ਰਹਿ ਏਦਾਂ ਬਾਤ ਪਵੇ।
ਘੁੱਗ ਵਸੇਂਦੇ ਸ਼ਹਿਰੀਂ ਪਿਛਲੇ ਪਹਿਰੀਂ ਜਿਉਂ
ਸੁੰਞ ਮਸਾਣਾਂ ਵਰਗੀ ਸੁੰਞੀ ਰਾਤ ਪਵੇ।



ਜਿੰਦ ਸੁਹਾਗਣ ਨਾਮ ਤੇਰੇ ਦੀ ਮਾਂਗ ਭਰੇ
ਇਕ ਵਫ਼ਾ ਦਾ ਟਿੱਕਾ ਮੱਥੇ ਰੋਜ਼ ਜੜੇ।
ਜਿਵੇਂ ਪਹਾੜਾਂ ਸੁੱਤਿਆਂ ਨੀਂਦ-ਵਿਗੁੱਤਿਆਂ ਵਿਚ
ਸੂਹੇ ਮੁਖੜੇ ਵਰਗਾ ਸੂਹਾ ਚੰਨ ਚੜ੍ਹੇ।

ਚੇਤੰਨਤਾ ਵਿਚ ਯਾਦ ਤੇਰੀ ਅੱਗ ਧੁਖੇ
ਜਿਉਂ ਵਰ੍ਹਦੇ ਬੱਦਲਾਂ ਵਿਚ ਸੂਰਜ ਰੰਗ ਢਲੇ।
ਬ੍ਰਿਹੋਂ ਵਿਚ ਵੀ ਵਸਲ-ਉਡੀਕਾ ਦਿਸੇ ਪਈ
ਮੌਤ ਸਿਰਹਾਣੇ ਜਿਉਂ ਜ਼ਿੰਦਗੀ ਦਾ ਦੀਪ ਬਲੇ।

## ਦੋ ਰੰਗ

ਸੱਜਣਾ ਜੀ! ਤੇਰੇ ਰੂਪ ਸਰਾਂ ਵਿਚ
ਗਲ ਗਲ ਚੜ੍ਹਿਆ ਪਾਣੀ।
ਜਿੰਦ ਸਾਡੀ ਪਰ ਇਕ ਬੂੰਦ ਲਈ
ਥਲ ਵਿਚ ਥਲ ਹੋ ਜਾਣੀ!

ਮਹਿਰਮ ਵੇ! ਤੇਰੀ ਜੋਬਨ ਰੁੱਤ ਇਹ
ਅਣਭੋਗੀ ਕੁਮਲਾਣੀ।
ਇਕ ਰੁੱਤ ਇਸ ਲਈ ਹਉਕੇ ਭਰਦੀ
ਮਰ ਜਾਣੀ ਮਰ ਜਾਣੀ!!

ਪੁੰਨਣਾਂ ਵੇ! ਤੇਰੇ ਰੰਗ ਦੀ ਪੁੰਨਿਆਂ
ਭਰੀ ਭਰੀ ਡੁਲ੍ਹ ਜਾਣੀ।
ਸਾਡੀ ਤਾਂ ਮੱਸਿਆ ਦੀ ਝੋਲੀ
ਇਸ ਇਕ ਕਿਰਨ ਨਾ ਪਾਣੀ!!!

ਚੰਨਣਾ ਵੇ! ਤੇਰਾ ਇਸ਼ਕ ਅਵੱਲੜਾ
ਕੋਈ ਨਾ ਇਸਦਾ ਹਾਣੀ।
ਨਾ ਇਸ ਸਾਨੂੰ ਅੰਗ ਲਗਾਉਣਾ
ਨਾ ਇਸ ਸੇਜ ਹੰਢਾਣੀ!

ਮੋਹਣਾ ਵੇ! ਤੇਰੇ ਮੋਹ ਦੀ ਮਹਿਕਾ
ਮਹਿਕਦਿਆਂ ਮੁੱਕ ਜਾਣੀ।



ਅਸਾਂ ਤੇ ਦੋਂਹ ਚੁੰਮਣਾਂ ਦੀ ਖਾਤਰ
ਨਿਸਫਲ ਅਉਧ ਵਿਹਾਣੀ!!

ਸੱਜਣਾ ਜੀ! ਤੇਰੇ ਰੂਪ ਸਰਾਂ ਵਿਚ
ਗਲ ਗਲ ਚੜ੍ਹਿਆ ਪਾਣੀ।
ਜਿੰਦ ਸਾਡੀ ਪਰ ਇਕ ਬੂੰਦ ਲਈ
ਥਲ ਵਿਚ ਥਲ ਹੋ ਜਾਣੀ!!!

## ਆਵੇ ਨੀਂ ਕੋਈ ਸਾਡੇ ਵਿਹੜੇ

ਲੈ ਲੈ ਬਿੜਕਾਂ ਉਮਰ ਅੰਞਾਣੀ
ਅਜ਼ਲੋਂ ਲੰਬੇ ਕੱਟ ਜਗਰਾਤੇ
ਕੱਚੜੀ ਨੀਂਦ ਵਲੂੰਧਰ ਹੱਥੀਂ
ਜਾਗ ਜਾਗ ਰਹਿ ਜਾਏ!

ਰੱਖ ਤਲੀ ਕੋਈ ਦੀਪ ਆਸ ਦਾ
ਚੀਰ ਚੀਰ ਲੱਖ ਅੰਬਰ ਸੁੰਞੇ
ਦਿਲ ਅੰਦਰ ਕੋਈ ਚੀਸ ਦਬਾਈ
ਵਧਦੀ ਵਧਦੀ ਜਾਏ!!

ਸੱਖਣਾ ਕਾਸਾ ਲੈ ਲੈ ਪਰਤੇ
ਨਾ ਦੇਵੇ ਕੋਈ ਰੀਝ ਉਧਾਰੀ
ਲੱਪ ਲੱਪ ਹੰਝੂ ਕੇਰ ਨਿਮਾਣੀ
ਤੜਪ ਤੜਪ ਰਹਿ ਜਾਏ!!!

ਹਾਰੇ ਸਿੰਮ ਸਿੰਮ ਨੈਣ ਅਸਾਡੇ
ਸੌਂ ਗਈ ਰੋ ਰੋ ਆਸ ਕੁਆਰੀ
ਜਿੰਦ ਕੂੰਜ ਪਈ ਵਿਲਕ ਵਿਲਕ ਕੇ
ਲੱਖ ਵਾਸਤੇ ਪਾਏ!

ਨਾ ਕੋਈ ਸਾਡਾ ਹੁਸਨ ਵਿਹਾਝੇ
ਨਾ ਅੜਿਆ ਸਾਡਾ ਇਸ਼ਕ ਕਬੂਲੇ



ਸਾਹ ਵਰਗੀ ਖੁਸ਼ਬੋਈ ਸਾਡੀ
ਝੋਲ ਨਾ ਕੋਈ ਪਾਏ!!

ਆਵੇ ਨੀਂ ਕੋਈ ਸਾਡੇ ਵਿਹੜੇ
ਆ ਕੇ ਸਾਡੀ ਪੀੜ ਵੰਡਾਏ
ਬੁੱਕਾਂ ਮੂੰਹੀਂ ਕੇਸਰ ਘੋਲੇ
ਰੁਸੀ ਜਿੰਦ ਮਨਾਏ!!!

ਚੰਨ ਬਣ ਆਵੇ ਕਾਲੀ ਰਾਤੇ
ਰੁਸ਼ਨਾਅ ਜਾਵੇ ਅੰਬਰ ਸੁੰਞਾ
ਦੇਵੇ ਸਾਨੂੰ ਜਾਮ ਵਸਲ ਦਾ
ਰੱਜਣ ਹੋਠ ਤਿਹਾਏ!

ਆਵੇ ਤਾਂ ਕੋਈ ਸੁਆਦ ਜਾਗ ਪਏ
ਖਿੜੇ ਅੰਗ ਅੰਗ ਚਾਅ ਮੋਤੀਆ
ਵੇਲ ਉਮਰ ਦੀ ਰਜ ਰਜ ਮੌਲੇ
ਜਿੰਦੂ ਸ਼ਗਨ ਮਨਾਏ!!

# ਸਰਘੀ

ਸਰਘੀ ਕੁੜੀਆਂ ਵਰਗੀ
ਆ ਗਈ ਸੰਗਦੀ!
ਸਿਰ ਤੇ ਲੈ ਫੁਲਕਾਰੀ
ਸੂਹੇ ਰੰਗ ਦੀ।

ਜਿਉਂ ਕੋਈ ਹੀਰ ਸਲੇਟੀ
ਨੱਢੀ ਝੰਗ ਦੀ।
ਚੂਰੀ ਲੈ ਕੇ ਚਲੀ
ਚਾਕ ਮਲੰਗ ਦੀ।

ਹੱਥ ਸੂਰਜ ਦਾ ਛੰਨਾ
ਕਿਰਨਾਂ ਵੰਡਦੀ।
ਖੜ੍ਹ ਗਈ ਆਣ ਦੁਮੇਲ
ਬੇਲੇ ਲੰਘਦੀ।

ਸਰਘੀ ਤਾਂ ਕੋਈ ਸੋਹਣੀ
ਜਿਉਂ ਮਹੀਂਵਾਲ ਦੀ।
ਸੂਰਜ ਦੀਵਾ ਬਾਲ
ਜੁ ਉਸਨੂੰ ਭਾਲਦੀ।

ਅੰਬਰ ਦੀ ਨੈਂ ਡੂੰਘੀ
ਠਾਠਾਂ ਮਾਰਦੀ।



ਰੁਕਣਾ ਮੱਥੇ ਦਾਗ
ਸਹੁੰ ਇਕਰਾਰ ਦੀ।

ਸਰਘੀ ਤਾਂ ਜਿਉਂ ਸੱਸੀ
ਪੁੰਨੂ ਹਾਣ ਦੀ।
ਕਮਲੀ ਪੂਰਬ ਥਲ ਨੂੰ
ਫਿਰਦੀ ਛਾਣਦੀ।

ਹੋਤ ਹਨੇਰੇ ਖੋਟੇ
ਜੇ ਇਹ ਜਾਣਦੀ।
ਰਤਾ ਪਲਕ ਨਾ ਲਾਉਂਦੀ
ਪੁੰਨੂ ਮਾਣਦੀ।

ਸਰਘੀ ਕੁੜੀਆਂ ਵਰਗੀ
ਆ ਗਈ ਸੰਗਦੀ।
ਸਿਰ ਤੇ ਲੈ ਫੁਲਕਾਰੀ
ਸੂਹੇ ਰੰਗ ਦੀ।

# ਹੇ ਪ੍ਰੀਤਮ

ਹੇ ਪ੍ਰੀਤਮ! ਮਨ-ਮੋਹਣਿਆਂ
ਭਰੀ ਤਾਰਿਆਂ ਰਾਤ!
ਇਕ ਇਕ ਕਰਕੇ ਕਿਰ ਗਏ
ਕਿਸੇ ਨਾ ਪੁੱਛੀ ਬਾਤ!

ਹੇ ਪ੍ਰੀਤਮ! ਮਨ-ਮੋਹਣਿਆਂ
ਪੁੱਛਣ ਰੁੱਖ ਖੜ੍ਹੇ!
ਇਸ਼ਕੇ ਪੱਟੀਆਂ ਮੇਸੀਆਂ
ਜਿੰਦ ਕੀ ਲੇਖ ਪੜ੍ਹੇ!

ਹੇ ਪ੍ਰੀਤਮ! ਮਨ-ਮੋਹਣਿਆਂ
ਜਿਉਂ ਤਰਕਾਲਾਂ ਪੈਣ!
ਪੋਟੇ ਪੋਂਦੇ ਔਸੀਆਂ
ਛਮ ਛਮ ਰੋਂਦੇ ਨੈਣ!

ਹੇ ਪ੍ਰੀਤਮ! ਮਨ-ਮੋਹਣਿਆਂ
ਜੀਵਨ ਹੌਕੇ-ਹਾਰ!
ਧੁਖੀਏ ਗੋਹੇ ਵਾਂਗਰਾਂ
ਖੁਰੀਏ ਬਰਫ਼ਾਂ ਹਾਰ!

ਹੇ ਪ੍ਰੀਤਮ! ਮਨ-ਮੋਹਣਿਆਂ
ਤੈਂ ਬਿਨ ਘੋਰ-ਅੰਧਾਰ!
ਨਾਲ ਗ਼ਮ ਦੇ ਦੋਸਤੀ
ਹੰਝੂਆਂ ਨਾਲ ਵਿਹਾਰ!

ਹੇ ਪ੍ਰੀਤਮ! ਮਨ-ਮੋਹਣਿਆਂ
ਕਾਲੀ ਰਾਤ ਸਿਆਹ!
ਅੰਬਰੀਂ ਤਾਰੇ ਬਣ ਗਈ
ਸਾਡੇ ਦਿਲ ਦੀ ਆਹ!



# ਸੰਬੋਧਕ ਲਫ਼ਜ਼

ਕੌਣ ਸੰਬੋਧਕ ਲਫ਼ਜ਼ੀਂ ਤੇਰਾ ਗੀਤ ਲਿਖਾਂ?
ਕੌਣ ਸੰਬੋਧਕ ਲਫ਼ਜ਼ੀਂ ਤੈਨੂੰ ਯਾਦ ਕਰਾਂ?
ਤੂੰ ਧੁੰਦਲਾ ਪ੍ਰਛਾਵਾਂ ਤੇਰਾ ਰੂਪ ਨਹੀਂ
ਕੌਣ ਰੂਪ ਦਾ ਤੇਰੇ ਦਰ ਤੇ ਨਾਮ ਲਵਾਂ?

ਮੇਰੇ ਤਾਂ ਸਭ ਵਾਕ ਅਧੂਰੇ ਨਿਰ-ਅਰਥੇ
ਦੱਸ ਇਨ੍ਹਾਂ ਵਿਚ ਕੌਣ ਅਰਥ ਦਾ ਰੰਗ ਭਰਾਂ?
ਅੱਖੀਆਂ ਦੇ ਵਿਚ ਡੁੱਬਦਾ ਸੁਪਨਾ ਰੋਜ਼ ਮਰੇ
ਇਸ ਸੁਪਨੇ ਨੂੰ ਕਿਸ ਕੰਢੇ ਦੀ ਤਲੀ ਧਰਾਂ?

ਮੇਰੇ ਲਫ਼ਜ਼ੀਂ ਦਿਲ ਦੇ ਸਤਿ ਦੀ ਗਾਥਾ ਹੈ
ਕੀਕਰ ਆਪਣੇ ਦਿਲ ਤੇ ਨਾ ਇਤਬਾਰ ਕਰਾਂ?
ਤੂੰ ਜੁ ਚਾਹੇਂ ਲਫ਼ਜ਼ ਦੋ-ਮੂੰਹੇ ਦੋ-ਚਿੱਤੇ
ਕੌਣ ਵਸੀਲੇ ਛਲ ਦਾ ਸਾਗਰ ਪਾਰ ਕਰਾਂ?

ਮੈਂ ਜ਼ਿੰਦਗੀ ਤੋਂ ਇਕ ਹੀ ਸੂਰਜ ਮੰਗਿਆ ਹੈ
ਕਿਉਂ ਉਸ ਤੇ ਵੀ ਕਾਲੀ ਧੁੰਦ ਖਿਲਾਰ ਲਵਾਂ?
ਇਕ ਉਮਰ ਤੋਂ ਠੰਢ ਦੀਆਂ ਰੁੱਤਾਂ ਠਰਿਆਂ ਹਾਂ
ਅੱਗ ਦੀ ਰੁੱਤ ਵਿਚ ਕਿੰਝ ਮੈਂ ਆਪਾ ਠਾਰ ਲਵਾਂ?

ਮੈਂ ਜੋ ਤੈਤੋਂ ਆਪਣਾ ਸੀਸ ਕਟਾ ਬੈਠਾ
ਸਖਣੇ ਧੜ ਨੂੰ ਕਿਸ ਦੇ ਦਰ ਤੇ ਵੇਚ ਲਵਾਂ?

ਸ਼ਹਿਰ-ਯਾਰ ਵਿਚ ਇਕ ਨਕਸ਼ ਵੀ ਹਾਣੀ ਨਹੀਂ
ਕੌਣ ਅਕਸ ਸੰਗ ਨਕਸ਼ਾਂ ਨੂੰ ਮੈਂ ਮੇਚ ਲਵਾਂ?

ਤੇਰੇ ਹੋਠੀਂ ਚੁੱਪ ਦੇ ਚੰਦਰੇ ਜੰਦਰੇ ਹਨ
ਮਜ਼ਬੂਰੀ ਦੇ ਹੋਵਣ ਤਾਂ ਵੀ ਸਬਰ ਕਰਾਂ।
ਮੇਰੇ ਮੱਥੇ ਵਸਲ ਤੇਰੇ ਦੀ ਲੀਕ ਨਹੀਂ
ਖਬਰੇ ਤਾਹੀਏਂ ਹਿਜ਼ਰਾਂ ਦਾ ਇਕ ਦਰਦ ਜਰਾਂ!



## ਸੁਪਨ-ਯਾਦ

ਯਾਦਾਂ ਦਾ ਇਕ ਪੰਛੀ ਆਇਆ
ਜਿੰਦ ਦੀ ਟਾਹਣੀ ਆਣ ਬੈਠਿਆ
ਕੇਹਾ ਗ਼ਮ ਦਾ ਕਾਂਬਾ ਛਿੜਿਆ
ਰੁੱਖ ਵਿਚਾਰਾ ਰੋਇਆ।

ਰਾਤ-ਨਿਮਾਣੀ ਦਰਦ-ਰੰਞਾਣੀ
'ਵਾਵਾਂ ਹੱਥ ਸੁਨੇਹੜਾ ਆਇਆ
ਕਿਸਨੇ ਚੁੱਪ ਦਾ ਜੰਦਰਾ ਲਾਇਆ
ਸੁਪਨ ਬਰੂਹੀਂ ਮੋਇਆ!

ਕਿੰਨੇ ਹੰਝ ਨੈਣਾਂ ਵਿਚ ਉੱਗੇ
ਕਿੰਨੇ ਹੰਝ ਨੈਣਾਂ 'ਚੋਂ ਉੱਡੇ
ਅੰਬਰ ਦੇ ਵਿਚ ਤਾਰੇ ਬਣ ਗਏ
ਅੰਬਰ ਤ੍ਰੇਲ ਤ੍ਰੇਲ ਹੋ ਚੋਇਆ!

ਬਿਸਤਰ ਵਿਚ ਇਕ ਜਿਸਮ ਤੜਪਿਆ
ਜਿਉਂ ਥਲ ਵਿਚ ਪੰਛੀ ਤਰਿਹਾਇਆ
ਸਾਰੀ ਰਾਤ ਦੁਪਹਿਰਾ ਬਣ ਗਈ
ਚੰਨ ਅੰਬਰ ਵਿਚ ਖੋਇਆ!

ਕੌਣ ਜੁ ਗ਼ਮ ਦਾ ਕਾਂਬ ਛੰਡੇ
ਕੌਣ ਜੁ ਚੁੱਪ ਦਾ ਜੰਦਰੇ ਤੋੜੇ
ਅੰਬਰ ਤਾਰੇ ਆਣ ਉਗਾਵੇ
ਇਹ ਕਹਿ ਨਗ਼ਮਾ ਮੋਇਆ!

## ਪੂਰਨ

ਖੂਹ ਵਿਚ ਟੋਟੇ ਟੋਟੇ ਪੂਰਨ ਵਿਲਕ ਰਿਹਾ ਹੈ।

ਕਿਹੜਾ ਇਸ ਨੂੰ ਅੰਨ੍ਹੇ ਖੂਹ 'ਚੋਂ ਕੱਢ ਲਏਗਾ ?
ਕਿਹੜਾ ਇਸ ਨੂੰ ਜੋਗ ਦਏਗਾ ?
ਇਸ ਦੀ ਵੇਦਨ ਜਾਣ ਲਵੇਗਾ ?

ਨਾ ਸਲਵਾਨ ਦਾ ਮਨ ਲੁੱਛਦਾ ਹੈ
ਨਾ ਹੀ ਲੂਣਾ ਨੂੰ ਪਛਤਾਵਾ।
ਸਿਆਲਕੋਟ ਵਿਚ ਕੌਣ ਬਾਗ਼ ਜੁ
ਇਸ ਦੇ ਹਿਜ਼ਰ 'ਚ ਢੀਂਗਰ ਹੋਇਆ ?

ਹੁਣ ਤਾਂ ਇੱਛਰਾਂ ਨੈਣ-ਵਿਹੂਣੀ
ਰੋ ਰੋ ਹੰਭੀ
ਮੱਥਾ ਪਟਕ ਪਟਕ ਕੇ ਸ਼ਕਤੀਹੀਣ ਹੋ
ਮਰ ਚੁੱਕੀ ਹੈ।

ਖੂਹ ਵਿਚ ਟੋਟੇ ਟੋਟੇ ਪੂਰਨ ਵਿਲਕ ਰਿਹਾ ਹੈ।
ਚੀਖ਼ ਰਿਹਾ ਹੈ।
ਸਾਲ ਹਜ਼ਾਰ ਲੰਘਣ ਤੇ ਝੱਲਾ ਵਿਲਕ ਰਿਹਾ ਹੈ।
ਇਹ ਭੋਲਾ ਹੈ! ਸਿਧਰਾ ਵੀ ਹੈ।
ਬੱਸ ਐਵੇਂ ਹੀ ਵਿਲਕ ਰਿਹਾ ਹੈ।



ਇਸ ਨੂੰ ਪੁੱਛਣ ਵਾਲਾ ਹੋਵੇ
ਅੰਨ੍ਹੇ ਖੂਹ ਤੋਂ ਬਾਹਰ ਭਲਾ ਦੱਸ ਕੀ ਧਰਿਆ ਹੈ ?
ਖੂਹ ਤੋਂ ਬਾਹਰ ਹਨੇਰਾ ਖੂਹ ਤੋਂ ਵੀ ਸੰਘਣਾ ਹੈ।

ਇਹ ਕੀ ਜਾਣੇ
ਸਿਆਲਕੋਟ ਹੁਣ ਬਦਲ ਗਿਆ ਹੈ।
ਤਖ਼ਤ ਤਾਜ ਸਭ ਉਲਟ ਗਿਆ ਹੈ।
ਹੁਣ ਏਥੋਂ ਦੇ ਲੋਕੀਂ ਰਾਜਾ ਖ਼ੁਦ ਚੁਣਦੇ ਹਨ।
ਹਰ ਕੋਈ ਰਾਜਾ ਬਣ ਸਕਦਾ ਹੈ।
ਆਪਣਾ ਹੁਕਮ ਚਲਾ ਸਕਦਾ ਹੈ।
ਸੌ ਸਲਵਾਨਾਂ ਜਿੰਨਾ ਜ਼ੁਲਮ ਕਮਾ ਸਕਦਾ ਹੈ!

ਪਰ ਇਕ ਸ਼ਰਤ ਕਿ
ਜੀਭਾ ਸਾਣ ਚੜ੍ਹਾ ਵੀ ਸਕੇ।
ਹੱਥ ਤੇ ਸਰ੍ਹੋਂ ਜਮਾ ਵੀ ਸਕੇ।
ਝੂਠੋਂ ਸੱਚ ਤੇ ਸੱਚੋਂ ਝੂਠ ਬਣਾ ਵੀ ਸਕੇ!
ਮਾਰੂਥਲ ਵਿਚ ਸਿਖਰ-ਦੁਪਹਿਰੇ
ਸਬਜ਼-ਬਾਗ਼ ਦਿਖਲਾ ਵੀ ਸਕੇ।
ਜਿਸ ਨੂੰ ਜੜ੍ਹੀ-ਜ਼ਮੀਰ ਆਖਦੇ
ਉਸ ਨੂੰ ਕਦੇ ਸੁਆ ਵੀ ਸਕੇ।
ਦਲ-ਬਦਲੀ ਲਈ ਲੋੜ ਪੈਣ ਤੇ
ਇਸ ਨੂੰ ਕਦੇ ਜਗਾ ਵੀ ਸਕੇ!

ਸਿਆਲਕੋਟ ਵਿਚ –
ਏਸ ਤਰ੍ਹਾਂ ਦਾ ਰਾਜ-ਭਾਗ ਹੈ।

ਸਿਆਲਕੋਟ ਉਂਞ ਘੁੱਗ ਵਸਦਾ ਹੈ
ਸਿਆਲਕੋਟ ਵਿਚ 'ਸਭ ਹੱਛਾ' ਹੈ।
ਕੀ ਹੋਇਆ ਜੇ ਕਦੇ ਕਦੇ ਕੋਈ
ਸਿਰਫਿਰਿਆਂ ਦਾ ਟੋਲਾ ਐਵੇਂ
ਕਿਸੇ ਸੜਕ 'ਤੇ ਨਿਕਲ ਆਉਂਦਾ।
ਭੁੱਖ ਦਾ ਮਕਰ ਬਹਾਨਾ ਕਰਦਾ
ਤਨਖਾਹਾਂ ਦਾ ਰੌਲਾ ਪਾਉਂਦਾ।

ਪਰ ਹਰ ਸਿਆਲਕੋਟ ਦਾ ਰਾਜਾ
'ੳ' 'ਅ' 'ੲ' ਹੋਵੇ ਜਾਂ ਹੋਵੇ ਕੋਈ 'ਕ' 'ਖ'
ਭਲੀ ਭਾਂਤ ਇਹ ਜਾਣ ਗਿਆ ਹੈ
ਸਿਰ-ਫਿਰਿਆਂ ਨੂੰ ਕਿਵੇਂ ਵਰਾਉਣਾ
ਕਿੰਜ ਇਨ੍ਹਾਂ ਦਾ ਮਨ ਬਹਿਲਾਉਣਾ
ਕਿੰਜ ਇਨ੍ਹਾਂ ਨੂੰ ਚੁੱਪ ਕਰਾਉਣਾ।
ਕਿਵੇਂ ਸ਼ਹਿਰ ਵਿਚ ਚਾਨਣ ਕਰਨਾ
ਇਸ ਦਾ ਹਰ ਕੋਨਾ ਰੁਸ਼ਨਾਉਣਾ
ਕੀ ਹੋਇਆ ਜੇ ਕਦੇ ਕਦਾਈਂ ਬਿਜਲੀ ਜਾਵੇ।
ਸ਼ਹਿਰ 'ਚ ਘੁੱਪ ਹਨੇਰਾ ਵਰਤੇ
ਹੱਥ ਮਾਰਿਆਂ ਨਜ਼ਰ ਨਾ ਆਵੇ।

ਪੂਰਨ ਐਵੇਂ ਫ਼ਿਕਰਮੰਦ ਹੈ।
ਬਾਹਰ ਆਉਣ ਲਈ ਐਵੇਂ ਉਤਸੁਕ।
ਸਿਧਰਾ ਹੀ ਹੈ।
ਓਸ ਬਿਨਾ ਜਦ ਸਿਆਲਕੋਟ ਦਾ ਕੰਮ ਚਲਦਾ ਹੈ
ਸਿਆਲਕੋਟ ਫੁਲਦਾ ਫਲਦਾ ਹੈ।



ਕੌਣ ਸ਼ਹਿਰ ਵਿਚ ਉਸ ਨੂੰ ਭਲਾ ਉਡੀਕ ਰਿਹਾ ਹੈ?
ਕੌਣ ਜੁ ਉਸ ਦਾ ਰਾਹ ਤੱਕਦਾ ਹੈ?
ਉਸ ਦੀ ਸ਼ਹਿਰ 'ਚ ਕੀਮਤ ਕੀ ਹੈ?
ਉਂਞ ਹੀ ਇਸ ਨੂੰ ਭਰਮ ਜਿਹਾ ਹੈ
ਖ਼ਬਰੇ ਉਪਰ ਸਿਆਲਕੋਟ ਵਿਚ ਕੀ ਧਰਿਆ ਹੈ?

ਇਹ ਕੀ ਜਾਣੇ
ਸਿਆਲਕੋਟ ਵਿਚ ਕਿੰਨੇ ਪੂਰਨ ਭਟਕ ਰਹੇ ਹਨ
ਆਪਣਾ ਆਪਾ ਝਟਕ ਰਹੇ ਹਨ
ਸ਼ਹਿਰ 'ਚ ਬਿਜਲੀ ਗਈ ਹੋਈ ਹੈ
ਉਹ ਚਮਗਿੱਦੜਾਂ ਵਾਂਗੂੰ ਪੁੱਠੇ ਲਟਕ ਰਹੇ ਹਨ।

ਵੀਹ ਵਾਰ ਪਰ ਮੈਂ ਇਹ ਸਭ ਕੁਝ
ਅੱਗੇ ਪੂਰਨ ਨੂੰ ਦੱਸਿਆ ਹੈ
ਖੂਹ ਵਿਚ ਰੋਂਦਾ ਰੋਂਦਾ ਸਿਧਰਾ
ਉਪਰ ਦੀ ਗੱਲ ਸੁਣ ਹੱਸਿਆ ਹੈ।

ਇਸ ਦੇ ਜੀਕਰ ਮਨ ਵਸਿਆ ਹੈ
ਸਿਆਲਕੋਟ ਦਾ ਸ਼ਹਿਰ ਵੇਖਣਾ।
ਆਪਣੀ ਅੱਖੀਂ ਕਹਿਰ ਵੇਖਣਾ!

ਪੂਰਨ ਝੱਲਿਆ!
ਅਜੇ ਭਲਾ ਜੇ ਜ਼ਿਦ ਕਰਦਾ ਹੈਂ।
ਸਿਆਲਕੋਟ ਦੇ ਬਿਨ ਮਰਦਾ ਹੈਂ।
ਫਿਰ ਕੋਈ ਤਰਕੀਬ ਬਣਾ ਕੇ

ਤੈਨੂੰ ਅੰਨ੍ਹੇ ਖੂਹ ਤੋਂ ਉਪਰ ਕਰ ਲੈਂਦੇ ਹਾਂ
ਤੇਰੀ ਏਸ ਤਮੰਨਾ ਖ਼ਾਤਰ
ਏਨੀ ਪੀੜਾ ਜਰ ਲੈਂਦੇ ਹਾਂ।

ਪਰ ਤੂੰ ਇਕ ਗੱਲ ਪੱਲੇ ਬੰਨ੍ਹੀ
ਖੂਹ 'ਚੋਂ ਆ ਕੇ
ਜੋਗ ਲਿਆਂ ਹੁਣ ਕੁਝ ਨਹੀਂ ਬਣਨਾ।
ਸਿਆਲਕੋਟ ਇਉਂ ਨਹੀਂ ਸੰਵਰਨਾ।
ਜੇ ਤੂੰ ਸਿਆਲਕੋਟ ਲਈ ਸੂਰਜ ਬਣ ਸਕਦਾ ਹੈਂ।
ਸਿਆਲਕੋਟ ਲਈ ਲੋਹੇ ਦੇ ਨਾਲ ਠਣ ਸਕਦਾ ਹੈਂ।
ਸਿਆਲਕੋਟ ਲਈ ਫਿਰ ਤੋਂ ਟੋਟੇ ਹੋ ਸਕਦਾ ਹੈਂ।
ਸਿਆਲਕੋਟ ਲਈ ਆਪਣਾ ਆਪਾ ਖੋਹ ਸਕਦਾ ਹੈਂ।
ਫਿਰ ਤੂੰ ਬੇਸ਼ੱਕ ਉਪਰ ਆ ਜਾ
ਹਰ ਕੋਈ ਲੰਮੀਆਂ ਬਾਹਾਂ ਕਰੀ ਉਡੀਕ ਰਿਹਾ ਹੈ।
ਪਰ ਜੇ ਮਨ ਵਿਚ
ਇਕੋ ਖੂਹ 'ਚੋਂ ਨਿਕਲਣ ਦੀ ਲੋਚਾ ਹੈ
ਤਾਂ ਇਹ ਸਿਆਲਕੋਟ ਵੀ ਖੂਹ ਹੈ
ਜਿਸ ਵਿਚ ਡਿੱਗਾ ਹਰ ਕੋਈ ਸੱਜਣਾ
ਚੀਖ਼ ਰਿਹਾ ਹੈ!



## ਉਦੋਂ ਤੇ ਹੁਣ

ਬਸ
ਉਦੋਂ ਤੇ ਹੁਣ ਵਿਚ
ਇਕ ਕਸਮ ਦੀ ਹੀ ਦੂਰੀ ਹੈ
ਜਾਂ ਫਿਰ ਇਕ ਚੁੱਪ ਦੀ ਹੀ ਵਿੱਥ
ਮੇਰੇ ਦੋਸਤ!

ਉਦੋਂ
ਜਦੋਂ ਤੂੰ ਤੇ ਮੈਂ
ਖਿੜ ਕੇ ਕਿਰ ਜਾਂਦੇ ਸਾਂ
ਕਿਸੇ ਪਿਆਰੇ ਫੁੱਲ ਦੀਆਂ ਪੱਤੀਆਂ ਦੇ ਵਾਂਗ!

ਪਰ
ਉਸ ਸ਼ਾਮੀਂ ਖ਼ਬਰੇ ਕਿਉਂ ਕੋਈ ਤੂਫ਼ਾਨ
ਉਠਿਆ ਸੀ ਮੇਰੇ ਪਿੰਜਰ ਵਿਚ
ਤੇ ਇਸ ਨੇ ਤੇਰੇ ਇਕ ਇਕ ਪੱਤੇ ਨੂੰ
ਤਰੁੰਡਿਆ ਸੀ ਕਿੰਨੀ ਬੇ-ਰਹਿਮੀ ਦੇ ਨਾਲ!
ਤੇ....ਤੇ ਤੂੰ ਖਾਮੋਸ਼ ਉਦਾਸ
ਮਾਰੂਥਲ ਵਿਚ ਨਿਪੱਤਰਾ ਨਿਮੋਝੂਣਾ
ਮੇਰੇ ਸੰਗੀਨ ਬੋਲਾਂ ਦੇ
ਆਪਣੇ ਦਿਲ ਤੇ ਲੱਗੇ ਜ਼ਖ਼ਮਾਂ ਨੂੰ
ਪਲੋਸਦਾ ਰਿਹਾ....ਪਲੋਸਦਾ ਰਿਹਾ।

ਦੂਸਰੇ ਦਿਨ
ਮੈਂ ਵੇਖਿਆ
ਨਾ ਕਿਧਰੇ ਘਣੀ ਛਾਂ ਹੀ ਸੀ
ਤੇ ਨਾ ਕਿਸੇ ਪੰਛੀ ਦਾ ਮਧੁਰ-ਮਿੱਠਾ ਬੋਲ
ਉਸ ਦਿਨ ਮੈਂ ਤੇਰੇ ਤਰੁੰਡੇ ਹੋਏ ਤਣੇ ਨੂੰ
ਗਲਵਕੜੀ 'ਚ ਲੈ ਕੇ ਬਹੁਤ ਰੋਇਆ ਸਾਂ।
ਤੇ ਮੈਂ ਮਹਿਸੂਸ ਕੀਤਾ ਸੀ
ਕਿ ਤੇਰੇ ਵਿਚਲਾ ਰੁੱਖ ਤਾਂ ਚਿਰੋਕਣਾ ਮਰ ਚੁੱਕਾ ਸੀ।

ਮੇਰੇ ਯਾਰ!
ਉਦੋਂ ਤੋਂ ਹੁਣ ਤੀਕਰ ਮੈਂ
ਫੁੱਲ ਤੋਂ ਖ਼ਾਰ ਤੀਕ ਦਾ ਸਾਰਾ ਸਫ਼ਰ
ਆਪਣੀਆਂ ਅੱਖਾਂ 'ਚੋਂ ਲੰਘਾਇਆ ਹੈ
ਤੇ ਮੈਨੂੰ ਤੇਰੀ ਹੀ ਨਹੀਂ
ਆਪਣੀ ਮੌਤ 'ਤੇ ਵੀ
ਬੜਾ ਹੀ ਰੋਣ ਆਇਆ ਹੈ!
.....ਬੜਾ ਹੀ ਰੋਣ ਆਇਆ ਹੈ!

ਤੇ ਫਰਕ?
ਫਰਕ ਤੇ ਕੁਝ ਵੀ ਨਹੀਂ ਪਿਆ - ਮੇਰੇ ਦੋਸਤ!
ਮੈਂ ਜੀ ਰਿਹਾ ਹਾਂ
ਤੇ ਤੇਰਾ ਤਰੁੰਡਿਆ ਤਣਾ ਵੀ ਸਹਿਕਦਾ ਹੈ।
ਪਰ ਬਹੁਤ ਹੀ ਫਰਕ ਹੈ ਉਦੋਂ ਤੇ ਹੁਣ ਵਿਚ।
ਕਿਉਂਕਿ ਮੇਰੇ ਦੋਸਤ



ਹੁਣ ਵੀ ਕਦੇ ਕਦੇ
ਪੰਛੀ ਬੋਲਦੇ ਤਾਂ ਹਨ ਪਰ ਚਹਿਕਦੇ ਨਹੀਂ!
ਹਵਾ ਚਲਦੀ ਤਾਂ ਹੈ ਪਰ ਰੁਮਕਦੀ ਨਹੀਂ!
ਕਣੀਆਂ ਪੈਂਦੀਆਂ ਤਾਂ ਹਨ ਪਰ ਬਰਸਦੀਆਂ ਨਹੀਂ

ਅੱਗੇ ਰਾਤਾਂ ਵਿਚ
ਇਕ ਮਿੱਠੀ ਖਾਮੋਸ਼ੀ ਸੀ
ਤੇ ਦਿਨਾਂ ਵਿਚ ਨਿੱਘੀ ਗਰਮੀ
ਤੇ ਬਾਰਿਸ਼ ਤੋਂ ਪਿਛੋਂ
ਗਗਨ ਤੇ ਲਹਿਰਦੀ ਸੀ ਸਤਰੰਗੀ ਪੀਂਘ।
ਪਰ ਹੁਣ ਰਾਤਾਂ 'ਚੋਂ ਵੀ
ਜਿਵੇਂ ਕੋਈ ਭੈਅ ਜਿਹਾ ਆਉਂਦਾ ਹੈ
ਤੇ ਦਿਨ ਦੀ ਧੁੱਪ ਵਿਚ ਵੀ ਜਿਵੇਂ
ਲੂਸੇ ਹੀ ਜਾਈਦਾ ਹੈ
ਤੇ ਬਾਰਸ਼ ਤੋਂ ਮਗਰੋਂ ਤਾਂ ਬਸ
ਮਰ ਜਾਣ ਨੂੰ ਹੀ ਦਿਲ ਜਿਹਾ ਕਰਦਾ ਹੈ!

ਬਸ ਉਦੋਂ ਤੇ ਹੁਣ ਵਿਚ
ਇਕ ਕਸਮ ਦੀ ਹੀ ਦੂਰੀ ਹੈ
ਜਾ ਫ਼ਿਰ ਇਕ ਚੁੱਪ ਦੀ ਹੀ ਵਿੱਥ-ਮੇਰੇ ਦੋਸਤ
ਪਰ ਹੁਣ ਇਸ ਚੁੱਪ ਨੂੰ ਹੀ
ਇਕ ਬਸ ਜਰ ਨਹੀਂ ਹੁੰਦਾ!
ਤੇ ਇਸ ਕਸਮ ਦੀ ਨਦੀ ਨੂੰ ਹੀ
ਜਿਵੇਂ ਬਸ ਤਰ ਨਹੀਂ ਹੁੰਦਾ!

## ਖ਼ਤ

ਖ਼ਤ ਤੇਰੇ ਨੇ ਪੱਬ ਪਹਿਲੜਾ
ਆਣ ਦਿਲੇ ਵਿਚ ਏਦਾਂ ਧਰਿਆ।
ਰਾਤ-ਬਰਾਤੇ ਬੰਜਰ ਧਰਤੇ
ਜਿਉਂ ਆਸਾਂ ਦਾ ਚੰਬਾ ਖਿੜਿਆ।

ਖ਼ਤ ਤੇਰਾ ਸਹੁੰ ਤੇਰੀ ਮਹਿਰਮ
ਮਹਿਰਮ-ਦੇਸ ਹਵਾ ਦਾ ਬੁੱਲਾ।
ਮਹਿਬੂਬਾ ਦੇ ਆਣ ਬਰੂਹੀਂ
ਆ ਬੋਲੇ-'ਕੋਈ ਤੈਂ ਨਾ ਭੁੱਲਾ'।

ਖ਼ਤ ਤੇਰਾ ਕੋਈ ਆਪੂੰ ਰਾਂਝਾ,
ਅੱਖਰ ਅੱਖਰ ਵੰਝਲੀ ਵੱਜੇ।
ਛੱਡ ਬਹੇ ਕੋਈ ਹੀਰ ਕਸੀਦਾ,
ਸੁਣ ਲਏ ਏਨੀ ਸੋਹਣੀ ਲੱਗੇ।

ਖ਼ਤ ਤੇਰਾ ਕੋਈ ਚੰਦਨ ਚੰਦਨ,
ਖ਼ਤ ਤੇਰਾ ਸਚਮੁੱਚ ਕਸਤੂਰੀ
ਖੁਸ਼ਬੋਅ ਨੇੜੇ ਤੂੰ ਵੀ ਨੇੜੇ,
ਸੌ ਕੋਹ ਦੂਰੀ ਕੋਈ ਨਾ ਦੂਰੀ।

ਖ਼ਤ ਤੇਰੇ ਵਿਚ ਸੂਰਤ ਤੇਰੀ
ਬੁੱਲ੍ਹੀਂ ਜਿਸਦੇ ਸੌ ਸੌ ਹਾਸੇ।



ਸੁਣ ਸੁਣ ਰੱਜਾਂ ਸੁਣ ਸੁਣ ਥੱਕਾਂ,
ਅਜੇ ਸੁਣਨ ਹਿਤ ਕੰਨ ਪਿਆਸੇ।

ਨੈਣਾਂ ਵਾਲਿਆ! ਖ਼ਤ ਤੇਰੇ ਵਿਚ,
ਨੈਣ ਕਿਸੇ ਦੇ ਬੋਲਣ ਤੱਕਣ।
ਨੈਣ ਨੈਣਾਂ ਦੀ ਬੋਲੀ ਸਮਝਣ,
ਹੋਰ ਨੈਣ ਕੋਈ ਸਮਝ ਨਾ ਸਕਣ।

ਖ਼ਤ ਤੇਰਾ ਕੋਈ ਇਸ਼ਕ-ਕਹਾਣੀ,
ਆਸ਼ਕ ਪੜ੍ਹਸਣ ਰੋਵਣ ਹੱਸਣ।
ਦਿਲ ਵਿਚ ਪੜ੍ਹ ਦਰਿਆਓ ਵਗੇਂਦਾ
ਦਰਦ ਕਿਸੇ ਪਰ ਮੂਲ ਨਾ ਦੱਸਣ!

## ਬਾਤਾਂ

ਰਾਤੀਂ
ਜੀਕੂੰ ਨਿੱਕੇ ਹੁੰਦਿਆਂ
ਫੇਰ ਰਜਾਈ ਦੇ ਵਿਚ ਬਹਿ ਕੇ
ਬਾਤਾਂ ਸੁਣੀਆਂ!

ਨਿੱਕੇ ਨਿੱਕੇ
ਭਰੇ ਹੁੰਘਾਰੇ
ਫਿਰ ਅੱਖਾਂ ਵਿਚ ਨੀਂਦਰ ਉੱਤਰੀ
ਸੁਪਨ-ਵਿਗੁੱਤੇ!

ਇਕ ਬਾਤ ਸੀ -
ਬੁੱਢੇ ਦਿਉ ਦੀ!
ਸ਼ਹਿਜ਼ਾਦੀ ਦੀ!!

ਸ਼ਹਿਜ਼ਾਦੀ -
ਜੋ ਰੰਗ 'ਚ ਨਿੰਮੀ
ਰੰਗ 'ਚ ਜੰਮੀ ਰੰਗ 'ਚ ਖੇਡੀ
ਤੇ ਜਿਸ ਨੇ ਇਕ ਰੰਗ ਵਣਜਿਆ।
ਫਿਰ ਰੰਗਾਂ ਦੀ ਖੇਡ ਖੇਡਦੇ
ਉਸਦੇ ਰੰਗ ਇਕ ਸੁਪਨਾ ਲੀਤਾ
ਸੋਨ-ਮਿਰਗ ਦਾ!

ਦੂਜੇ ਦਿਨ ਉਹ
ਸੋਨ-ਮਿਰਗ ਨੂੰ ਫੜ੍ਹਦਾ ਫੜ੍ਹਦਾ
ਜੰਗਲ ਗੁੰਮਿਆ!



ਬੁੱਢੇ ਦਿਉ ਦੀ ਕੈਦ 'ਚ ਡਿੱਗਾ!!

ਫਿਰ ਸ਼ਹਿਜ਼ਾਦੀ
ਆਪਣੇ ਰੰਗ ਤੋਂ ਬਿਹਬਲ ਬਿਹਬਲ
ਤੜਪ ਤੜਪ ਕੇ
ਧਰਤੀ ਦਾ ਹਰ ਚੱਪਾ ਗਾਹਿਆ
ਅਤੇ ਭਿਆਨਕ ਮਹਿਲ ਭਾਲਿਆ
ਬੁੱਢੇ ਦਿਉ ਨੂੰ
ਕਲਾ-ਯੁਕਤਿ ਨਾਲ ਮਾਰ ਮੁਕਾਇਆ।
ਬਾਰਾਂ ਵਰ੍ਹਿਆਂ ਦਾ
ਪਥਰੀਲਾ-ਪੰਧ ਮੁਕਾਇਆ।
ਸ਼ਹਿਜ਼ਾਦੇ ਨੂੰ ਗਲੇ ਲਗਾਇਆ।
ਪਰ ਦੋਹਾਂ ਦੇ ਹੱਥਾਂ ਵਿਚੋਂ
ਮਹਿਕ-ਪਲਾਂ ਦਾ ਕਿਰਿਆ ਚੀਣਾਂ
ਹੱਥ ਨਾ ਆਇਆ!

ਇਕ ਬਾਤ ਸੀ -
ਇਕ ਤੋਤੇ ਦੀ!
ਇਕ ਤੋਤੀ ਦੀ!!
ਨਿੱਕੇ ਨਿੱਕੇ ਦੋਹ ਬੋਟਾਂ ਦੀ!!!

ਤੋਤਾ-
ਜੋ ਕਿ ਚੰਗੇ-ਚੋਖੇ ਚੋਗੇ ਦੇ ਲਈ
ਸੋਚ ਸੋਚਦਾ ਲੋਚ ਲੋਚਦਾ
ਆਪਣੇ ਰੁੱਖ ਤੋਂ ਉਡਣਾ ਚਾਹੁੰਦਾ!
ਤੋਤੀ ਉਸਨੂੰ ਰੋਜ਼ ਹਟਕਦੀ!
ਰੋਜ਼ ਰੋਕਦੀ ਰੋਜ਼ ਵਰਜਦੀ!!

ਪਰ ਉਸ ਤੋਤੇ
ਵੱਖਰੇ ਵੱਖਰੇ! ਅੱਥਰੇ ਅੱਥਰੇ!!

ਇਕ ਕੰਨ ਸੁਣੀ ਹੋਰ ਥੀਂ ਕੱਢੀ!
ਤੇ ਇਕ ਦਿਨ ਉਹ ਨਾ ਹੀ ਟਲਿਆ
ਮਿੱਠੇ ਚੋਗੇ ਦੇ ਲਾਲਚ ਵਿਚ
ਸੁਬਾਹ-ਸਵੇਰੇ ਮੂੰਹ-ਝਾਖਰੇ
ਦੇਹ ਤੋਤੀ ਨੂੰ ਇਕ ਦਿਲਾਸਾ
ਸੱਚਾ ਸੱਚਾ! ਝੂਠਾ ਝੂਠਾ!!
ਸੁੱਤੇ ਬੋਟਾਂ ਦੇ ਹੋਠਾਂ 'ਤੇ
ਧਰਕੇ ਚੁੰਮਣ ਮਿੱਠੇ-ਕਾਹਲੇ
ਆਪਣੇ ਰੁੱਖ ਤੋਂ ਐਸਾ ਉੱਡਿਆ
ਉੱਡਦਾ ਉੱਡਦਾ ਚੋਗ ਭਾਲਦਾ
ਇਕ ਤਮ੍ਹਾਂ ਦੇ ਜਾਲ 'ਚ ਫਸਿਆ!
ਜਾਲ ਭਿਆਨਕ ਤੋੜ ਤੋੜ ਕੇ
ਹੰਭਾ-ਹੁੱਟਾ ਉੱਡ ਨਾ ਸਕਿਆ!!

ਧਰਤੀ ਉੱਤੇ ਵਿੱਛਿਆ ਹੋਇਆ
ਮਿੱਠਾ ਚੋਗਾ
ਹੁਣ ਤੋਤੇ ਨੂੰ ਮੂਲ ਨਾ ਭਾਵੇ!
ਉਸਨੂੰ ਜਾਪੇ
ਨਿੱਕੀ ਤੋਤੀ ਦੇ ਬੋਲਾਂ ਵਿਚ
ਬੁੱਧ ਦਾ ਗਿਆਨ ਸਿਮਟਦਾ ਜਾਵੇ!!
'ਤ੍ਰਿਸ਼ਨਾ ਦੇ ਕੋਈ ਪੰਧ ਨਾ ਜਾਵੇ'!!!

ਰਾਤੀਂ
ਜੀਕੂੰ ਨਿੱਕੇ ਹੁੰਦਿਆਂ
ਫੇਰ ਰਜਾਈ ਦੇ ਵਿਚ ਬਹਿ ਕੇ
ਬਾਤਾਂ ਸੁਣੀਆਂ!

ਨਿੱਕੇ ਨਿੱਕੇ
ਭਰੇ ਹੁੰਘਾਰੇ
ਫਿਰ ਅੱਖਾਂ ਵਿਚ ਨੀਂਦਰ ਉੱਤਰੀ
ਸੁਪਨ-ਵਿਗੁੱਤੇ!



## ਬਚਪਨ

ਆਪਣੇ ਬਚਪਨ ਵਿਚ
ਮੈਂ ਬੜੀਆਂ ਹੀ ਰੰਗੀਨ ਤਿੱਤਲੀਆਂ ਪਿਛੇ ਨੱਸਿਆ ਹਾਂ।
ਕਈਆਂ ਦੇ ਉੱਡ ਜਾਵਣ ਤੇ ਪਛਤਾਇਆ ਹਾਂ
ਤੇ ਕਈਆਂ ਦੇ ਮਖ਼ਮਲੀ ਪਰਾਂ ਨੂੰ
ਪੋਟਿਆਂ ਵਿਚ ਫੜ ਕੇ ਹੱਸਿਆ ਹਾਂ।
ਤੇ ਇਵੇਂ ਹੀ ਕਿਸੇ ਸਤਰੰਗੀ ਪੀਂਘ ਦਾ ਸੁਪਨਾ
ਮੈਂ ਆਪਣੇ ਮੱਥੇ 'ਚ ਰੋਜ਼ ਜੜਦਾ ਸਾਂ।
ਹੁਸੀਨ ਰਾਤਾਂ ਨੂੰ ਗਗਨ ਵਿਚ ਉੱਡ ਕੇ
ਚੰਨ ਦੀਆਂ ਸੋਨ-ਰੰਗੀਆਂ ਰਿਸ਼ਮਾਂ ਨਾਲ ਖੇਡਦਾ ਸਾਂ
ਤੇ ਹੁਸੀਨ ਤਾਰਿਆਂ ਨੂੰ ਫੜਦਾ ਸਾਂ।
ਇਨ੍ਹਾਂ ਦਿਨਾਂ ਵਿਚ ਜਦੋਂ ਕਦੇ ਬਰਸਾਤ ਆਉਂਦੀ ਸੀ
ਮੈਂ ਉਸ ਨਾਲ ਰਲਕੇ ਬਹੁਤ ਰੋਂਦਾ ਸਾਂ
ਮੇਰੀਆਂ ਅੱਖਾਂ ਵਿਚ ਖ਼ਬਰੇ ਕਿਉਂ
ਸਿਆਹ ਬੱਦਲ ਉੱਮਡ ਆਉਂਦੇ ਸਨ
ਤੇ ਮੈਂ ਉਮਡਦੇ ਬੱਦਲਾਂ ਸੰਗ ਆਪਣਾ ਆਪ ਧੋਂਦਾ ਸਾਂ।
ਰੱਤ ਦੇ ਹੰਝੂ ਚੋਂਦਾ ਸਾਂ।

ਮੈਨੂੰ ਯਾਦ ਹੈ ਕਿ ਨਵੀਂ ਕੋਈ ਰੁੱਤ ਆਵਣ ਤੇ
ਮੈਂ ਉਸ ਨੂੰ ਸਲਾਮ ਕਹਿੰਦਾ ਸਾਂ
ਤੇ ਕਿਸੇ ਮੌਸਮ ਦੇ ਟੁਰ ਜਾਵਣ ਤੇ
ਉਸ ਨੂੰ ਕੋਈ ਪੈਗ਼ਾਮ ਦੇਂਦਾ ਸਾਂ।
ਇਸ ਉਮਰੇ ਬੜੀ ਦੇਰ ਮੈਂ

ਆਸਾਂ ਦੀ ਰੁਪਹਿਲੀ-ਤੰਦ ਸੰਗ
ਰੰਗਾਂ ਦੇ ਲਹਿਰਦੇ ਤਾਣੇ ਉਣੇ ਸਨ।
ਤੇ ਕਲਪਣਾ ਦੀ ਕੂਲ੍ਹ ਦੇ ਰੰਗੀਲੇ ਮਹਿਕਦੇ ਪਾਣੀ
ਮੈਂ ਆਪਣੇ ਨਿੱਕੇ ਨਿੱਕੇ ਬੁੱਕਾਂ ਥਾਣੀਂ
ਇਕ ਵਾਰ ਨਹੀਂ ਸੈ ਵਾਰ ਪੁਣੇ ਸਨ।
ਤੇ ਕੂਲ੍ਹ ਉਤਲੇ ਘਣਛਾਵੇਂ ਬਰੋਟਿਆਂ
ਦੀ ਹਿੱਕ ਵਿਚ ਬੈਠੇ ਮਸਤ-ਮਾਸੂਮ ਪੰਛੀਆਂ ਦੇ
ਗੀਤਾਂ ਵਰਗੇ ਚਹਿਕਦੇ ਬੋਲ ਸੁਣੇ ਸਨ।

ਮੈਂ ਵੀ ਤਾਂ ਨਿਪੱਤਰਾ ਰੁੱਖ ਹੀ ਸਾਂ
ਜਿਸ ਦੇ ਨਿਪੱਤਰੇ ਤਣੇ ਤੇ
ਜਦੋਂ ਵੀ ਪੰਛੀ ਕੋਈ ਬੈਠ ਕੇ ਗੀਤ ਗਾਂਦਾ ਸੀ
ਤੇ ਗਾ ਕੇ ਉੱਡ ਜਾਂਦਾ ਸੀ।
ਤਾਂ ਮੈਨੂੰ ਜਾਣੀਂਦੀ ਉਹਦਾ ਅੰਤਾਂ ਦਾ ਮੋਹ ਆਂਦਾ ਸੀ।
ਤੇ ਮੇਰਾ ਸੱਖਣਾ ਤਣਾ ਉਹਦੀ ਯਾਦ ਵਿਚ ਵੈਣ ਪਾਂਦਾ ਸੀ।

ਉਦੋਂ ਮੈਂ ਕੱਚੀਆਂ-ਲੈਰੀਆਂ ਸਿੰਜੀਆਂ ਪੈਲੀਆਂ ਦੇ ਬੰਨ੍ਹਿਆਂ ਤੇ
ਡਿੱਗ ਪੈਣ ਦੇ ਡਰ ਤੋਂ ਬੇਖ਼ੌਫ਼ ਬਹੁਤ ਨਸਦਾ ਸਾਂ।
ਤੇ ਸੱਥ ਵਿਚੋਂ ਦੀ ਲੰਘਦੇ ਵਿਚਾਰੇ ਕਮਾਨ-ਕਮਰੇ ਬੁਢਾਪੇ ਤੇ
ਪਤਾ ਨਹੀਂ ਕਿਉਂ ਹਸਦਾ ਸਾਂ?
ਆਪਣੇ ਪਿਓ ਦੀ ਉਮਰ ਦੇ
ਨੰਗ-ਪੈਰੇ ਅੰਨ੍ਹੇ-ਫ਼ਕੀਰ ਦੇ ਢੀਮ ਮਾਰ ਕੇ ਦੌੜ ਜਾਂਦਾ ਸਾਂ
ਤੇ ਬੁੱਢੀ ਝਿਉਰੀ ਦੇ ਹਿਲਦੇ ਸਿਰ ਤੇ
ਕਿਉਂ ਵਿਅੰਗ ਕਸਦਾ ਸਾਂ?



ਤੁਸੀਂ ਨਹੀਂ ਜਾਣਦੇ ਸ਼ਾਇਦ
ਕਿ ਮੇਰਾ ਬਾਪ ਵੀ ਬਹੁਤ ਕੱਬਾ ਸੀ
ਤੇ ਜਦੋਂ ਖੂਹ ਦੀ ਪੈੜ ਵਿਚ
ਮੈਂ ਨਾਰੇ ਤੇ ਮੀਣੇ ਬਲਦਾਂ ਦੀ ਜੋਗ ਹਕਦਾ ਸਾਂ
ਤਾਂ ਉਹ ਪਾਣੀ ਛੱਡ ਕੇ ਨੱਕੇ ਦੇ ਕੋਲ
ਮੇਰੇ ਵੱਲ ਕੰਡ ਕਰ ਕੇ ਬੈਠ ਜਾਂਦਾ ਸੀ।
ਤੇ ਮੈਂ ਡੱਬਿਆਂ ਵਾਲੀ ਖੇਸੀ ਨੂੰ ਗਾਧੀ ਤੇ ਧਰ ਕੇ
ਬੁੱਢੀ ਬੇਰੀ ਤੋਂ ਗਾਲ੍ਹੜਾਂ ਦੇ ਟੁੱਕ ਕੇ ਸੁੱਟੇ
ਪਾਣੀ ਦੀ ਆਡ ਵਿਚ ਡਿੱਗੇ ਬੇਰ ਖਾਂਦਾ ਸੀ
ਤੇ ਉਸ ਨੂੰ ਭੁੱਲ ਜਾਂਦਾ ਸੀ
ਉਹ ਖੂਹ ਦੇ ਕੁੱਤੇ ਦੀ ਠਹਿਰੀ ਆਵਾਜ਼ ਤੋਂ
ਬਲਦਾਂ ਦੇ ਖੜ੍ਹਨ ਦੀ ਗੱਲ ਜਾਣ ਜਾਂਦਾ ਸੀ
ਵੱਟ 'ਤੇ ਖੜ੍ਹ ਕੇ ਫਿਰ ਉਹ ਮੈਨੂੰ ਇਕ ਵੱਡੀ ਗਾਲ੍ਹ ਦੇਂਦਾ ਸੀ
ਤੇ ਮੇਰੇ ਕੰਬਦੇ ਹੱਥਾਂ 'ਚੋਂ
ਲ਼ੀਲ ਵਰਗਾ ਬੇਰ ਮੈਥੋਂ ਛੁੱਟ ਜਾਂਦਾ ਸੀ।
ਤੇ ਕਦੇ ਕਦੇ ਅੱਥਰਾ ਨਾਰਾ
ਮੇਰੇ ਨਿਤਾਣੇ ਨਿੱਕੇ ਹੱਥਾਂ ਵਿਚਲੀ
ਪਰਾਣੀ ਦੀ ਮਾਰ ਤੋਂ ਬੇਖ਼ੌਫ਼
ਟੁਰਨੋਂ ਵੀਹਰ ਖੜ੍ਹਦਾ ਸੀ
ਤਾਂ ਬਾਪੂ ਨੂੰ ਮੇਰੀ ਇਸ ਸਤਹੀਣਤਾ ਤੇ
ਬੜਾ ਹੀ ਰੋਹ ਚੜ੍ਹਦਾ ਸੀ।
ਫਿਰ ਉਸ ਦੇ ਖਰ੍ਹਵੇ ਜ਼ਾਲਮ ਪਰ ਪਿਆਰੇ ਹੱਥ
ਮੈਨੂੰ ਬਹੁਤ ਕੁਟਦੇ ਸਨ।

ਇਸ ਮਾਰ ਸੰਗ ਮੇਰੇ ਸੋਹਲ ਅੰਗਾਂ 'ਚ ਇਕ ਤ੍ਰਾਟ ਉਠਦੀ ਸੀ
ਵਿਚਾਰੇ ਅੰਗ ਟੁਟਦੇ ਸਨ
ਤੇ ਵਰ੍ਹੇ-ਛਿਮਾਹੀ ਜਦੋਂ ਫ਼ਸਲ ਨਿਕਲਦੀ ਸੀ
ਤਾਂ ਉਹ ਆਪਣੀਆਂ ਫ਼ੌਲਾਦੀ ਬਾਹਾਂ ਵਿਚ ਘੁੱਟ ਕੇ
ਮੈਨੂੰ ਬੜਾ ਹੀ ਪਿਆਰ ਕਰਦਾ ਸੀ
ਕਿਸੇ ਸ਼ਾਮ ਵਿਚ ਦਾਣਿਆਂ ਦੀ ਗੱਡ ਭਰਦਾ ਸੀ।
ਤੇ ਮੈਂ ਉਸ ਤੋਂ ਬਹੁਤ ਡਰਦਾ ਸਾਂ।

ਪਰ ਉਸ ਸ਼ਾਮੀਂ ਚੌਂਕੇ ਵਿਚ
ਉਸ ਦੀ ਰੋਟੀ ਦੇ ਵਕਤ
ਮੈਂ ਉਹਦੇ ਮੋਢੇ ਦੇ ਕੋਲ ਖੜ੍ਹਦਾ ਸਾਂ।
ਤੇ ਉਸ ਦੀ ਭਰਵੀਂ ਬੱਬਰ-ਦਾੜ੍ਹੀ ਦੇ ਪਿਛੇ
ਉਸ ਦੇ ਚਿਹਰੇ ਨੂੰ ਪੜ੍ਹਦਾ ਸਾਂ।
ਤੇ ਫਿਰ ਉਹ ਕਦੇ ਮੇਰੇ ਸੰਗ ਕੀਤੇ
ਇਕਰਾਰ ਦੀ ਬਾਤ ਪਾਂਦਾ ਸੀ।
ਤੇ ਉਸ ਰਾਤੀਂ ਤਾਰਿਆਂ ਦਾ ਕਾਫ਼ਲਾ
ਮੇਰੀਆਂ ਅੱਖਾਂ ਵਿਚੋਂ ਗੁਜ਼ਰਦਾ....ਗੁਜ਼ਰ ਜਾਂਦਾ ਸੀ।
ਮੈਂ ਸਾਰੀ ਰਾਤ ਸੌਂਦਾ ਨਹੀਂ ਸਾਂ।
ਅਗਲੀ ਭਲਕ ਮੇਰੀ ਮਾਂ
ਦੀਵੇ ਦੇ ਮੱਧਮ ਚਾਨਣੇ ਵਿਚ
ਮੇਰੇ ਨਵੇਂ ਝੱਗੇ ਨੂੰ ਇਕ ਅੱਧ ਬਟਨ ਲਾਂਦੀ ਸੀ।
ਤੇ ਬਾਪੂ ਤੋਂ ਚੋਰੀ ਕੋਈ ਧੇਲੀ ਜਾਂ ਪੌਲੀ
ਮੇਰੇ ਖੀਸੇ ਵਿਚ ਪਾਂਦੀ ਸੀ।
ਉਦੋਂ ਬਾਪੂ ਚੌਂਕੇ ਵਿਚ ਬੈਠਾ
ਚਾਹ ਦੀ ਗੜਵੀ ਨੂੰ ਸੁੜ੍ਹਕ ਜਾਂਦਾ ਸੀ।
ਮੇਰੀ ਮਾਂ ਜਦੋਂ ਮੱਝਾਂ ਦੇ
ਸ਼ਹਿਰੋਂ ਲਿਆਉਣ ਵਾਲੇ ਵੰਡੇ ਦੀ ਗੱਲ ਕਰਦੀ ਸੀ
ਤਾਂ ਉਹ ਬੜਾ ਹੀ ਭੁੜ੍ਹਕ ਜਾਂਦਾ ਸੀ
ਤੇ ਉਹ ਸੀਖਾਂ ਵਾਲੀਆਂ ਡੱਬੀਆਂ ਦੇ
ਏਨੀ ਛੇਤੀ ਮੁੱਕਣ ਤੇ ਬਹੁਤ ਕੁੜ੍ਹਦਾ ਸੀ।
ਫਿਰ ਮੱਕੀ ਦੀਆਂ ਕਿੰਨੀਆਂ ਹੀ ਰੋਟੀਆਂ
ਡਵੱਟੇ ਦੇ ਲੜ ਬੱਝਣ ਤੇ
ਗੱਡਾ ਸ਼ਹਿਰ ਵੱਲ ਤੁਰ ਤਾਂ ਪੈਂਦਾ ਸੀ
ਪਰ ਕਿਸੇ ਗੱਲ ਨਾਲ ਤੁਰਦਾ ਸੀ।

ਤਾਰਿਆਂ ਦੀ ਛਾਵੇਂ -
ਟੁਣਕਦੀਆਂ ਟੱਲੀਆਂ ਵਾਲੇ ਬਲਦਾਂ ਦਾ ਗੱਡਾ
ਕੱਚੇ ਪੈਹੇ ਦੀ ਭੜੀਅ ਤੇ ਉੱਗੀਆਂ ਝਾੜੀਆਂ ਨਾਲ ਖਹਿਸਰਦਾ
ਸ਼ਹਿਰ ਦੇ ਨੇੜੇ ਪੁੱਜਦਾ ਸੀ।



ਤੇ ਸਾਰੇ ਰਾਹ ਬਾਪੂ
ਮੈਨੂੰ ਕਿਸੇ ਚੀਜ਼ ਦੇ ਡਿੱਗਣ ਦੇ ਡਰ ਦੀ ਨਸੀਹਤ ਕਰਦਾ ਸੀ
ਤੇ ਬਲਦਾਂ ਦੀ ਮੱਠੀ ਤੋਰ ਤੇ ਬਹੁਤ ਭੁੱਜਦਾ ਸੀ।
ਤੇ ਅੱਗੇ ਇਕ ਪੱਕੀ ਸੜਕ ਆਉਂਦੀ ਸੀ
ਜਿਥੋਂ ਸ਼ਹਿਰ ਲਾਗਲੇ ਭੱਠੇ ਦੀਆਂ ਚਿਮਨੀਆਂ ਦੇਖ ਕੇ
ਮੈਨੂੰ ਕੋਈ ਚਾਅ ਚੜ੍ਹਦਾ ਸੀ।
ਤੇ ਹੋਰ ਇਕ ਪਲ ਬਾਪੂ ਦਾ ਗੱਡਾ
ਮੰਡੀ ਵਿਚ ਉੱਗੇ ਪਿੱਪਲ ਦੇ ਚੌਂਤਰੇ
ਦੇ ਕੋਲ ਖੜ੍ਹਦਾ ਸੀ।
ਮੇਰਾ ਕੰਮ ਹੁਣ ਖਾਲੀ ਗੱਡੇ ਨਾਲ ਬੱਝੇ
ਬਲਦਾਂ ਦੀ ਬੱਸ ਰਾਖੀ ਹੀ ਹੁੰਦਾ ਸੀ.....।

ਜਦੋਂ ਬਾਪੂ ਆੜ੍ਹਤੀਏ ਦੀ ਦੁਕਾਨ 'ਚ ਖੜ੍ਹੀ
ਕਿਸੇ ਬੋਰੀ ਤੇ ਬੈਠਾ ਗੱਲਾਂ ਕਰਦਾ ਸੀ।
ਤਾਂ ਮੈਂ ਜੇਬ ਵਿਚਲੀ ਧੇਲੀ ਨੂੰ ਪੋਟਿਆਂ ਨਾਲ ਟੋਹਦਾ ਸਾਂ।
ਤੇ ਉਸ ਤੋਂ ਅੱਖ ਬਚਾ ਕੇ
ਗੱਡਿਆਂ ਦੇ ਪਿਛਵਾੜਿਓਂ ਦੀ
ਚੌਂਕ ਵਿਚ ਲੱਗੀਆਂ ਰੇੜ੍ਹੀਆਂ ਤੇ ਜਾ ਖਲੋਂਦਾ ਸਾਂ।
ਓਦੋਂ ਆਪਣੀ ਮਨ-ਭਾਉਂਦੀ ਕੋਈ ਚੀਜ਼ ਖਾ ਕੇ
ਊਂ ਤਾਂ ਬੜਾ ਸੰਤੋਖ ਹੁੰਦਾ ਸੀ।
ਪਰ ਮਗਰੋਂ ਆਪਣੀ ਸੱਖਣੀ ਜੇਬ ਦਾ
ਇਸ ਤੋਂ ਵੀ ਵਧ ਅਫ਼ਸੋਸ ਹੁੰਦਾ ਸੀ।

ਫੇਰ ਬਾਪੂ ਦੇ ਪਰਤ ਆਉਣ ਤੇ
ਅਸੀਂ ਇਕ ਧੁਆਂਖੇ ਢਾਬੇ 'ਤੇ ਜਾਂਦੇ ਸਾਂ।
ਤੇ ਡਵੱਟੇ ਦੇ ਲੜ ਪਿੰਡੋਂ ਲਿਆਂਦੀਆਂ ਮੱਕੀ ਦੀਆਂ
ਨਿੱਗਰ ਰੋਟੀਆਂ
ਸ਼ਹਿਰ ਦੀ 'ਸਪੈਸ਼ਲ ਸਬਜ਼ੀ' ਨਾਲ ਖਾਂਦੇ ਸਾਂ।
ਤੇ ਫੇਰ ਬਾਪੂ ਇਕ ਉੱਚੀ ਦੁਕਾਨ ਦੇ ਥੜ੍ਹੇ 'ਤੇ ਚੜ੍ਹਦਾ ਸੀ
ਤੇ ਮੇਰੀ ਭੈਣ ਦੇ ਹੱਥਾਂ ਦੀ ਲਿਖੀ ਚੀਜ਼ਾਂ ਵਾਲੀ ਪਰਚੀ
ਦੇ ਅੱਖਰ ਬੜੀ ਮੁਸ਼ਕਲ ਨਾਲ ਉਠਾਉਂਦਾ ਸੀ

ਤੇ ਉਸ ਨੂੰ ਖੋਝ੍ਹ ਖੋਝ੍ਹਕੇ ਪੜ੍ਹਦਾ ਸੀ।
ਮੇਰਾ ਬਾਪੂ ਵੇਖਣ ਨੂੰ ਬਹੁਤ ਭੋਲਾ ਸੀ।
ਪਰ ਸੌਦਿਆਂ ਦਾ ਮੁੱਲ ਉਹ ਹਟਵਾਣੀਏ ਨਾਲ
ਮੈਨੂੰ ਹੀ ਪਤਾ ਹੈ ਕਿਵੇਂ ਘਟ ਕਰਦਾ ਸੀ
ਫਿਰ ਮੈਂ ਧੌੜੀ ਦੇ ਨਵੇਂ ਮੌਜੇ ਪਾ ਕੇ
ਪੱਕੀ ਸੜਕ 'ਤੇ ਬਹੁਤ ਭੱਜਦਾ ਸਾਂ।
ਤੇ ਮੰਡੀ ਦੀਆਂ ਦੁਕਾਨਾਂ ਦੇ 'ਮੁਖਤੇ ਗੁੜ' ਨਾਲ
ਖ਼ੂਬ ਰਜਦਾ ਸਾਂ।
ਤੇ ਰਾਹ ਵਿਚ ਗੱਡੇ ਨੂੰ ਹਕਦਾ ਬਾਪੂ
ਲੀੜੇ-ਲੱਤੇ ਦੀ ਦੁਕਾਨ ਤੇ ਦਿੱਤੇ
ਪੈਸਿਆਂ ਦੀ ਜਦ ਗੱਲ ਕਰਦਾ ਸੀ
ਤਾਂ ਕਣਕ ਦੀ ਸਾਰੀ ਫ਼ਸਲ ਦੇ ਇਸ ਵਾਰ ਵੀ
ਅਜਾਈਂ ਰੁੜ੍ਹ ਜਾਵਣ ਤੇ ਇਕ ਡੂੰਘਾ ਸਾਹ ਭਰਦਾ ਸੀ।
ਪਿੰਡ ਪਹੁੰਚਣ ਤੇ ਮੈਂ ਚੀਜ਼ਾਂ ਦੇ ਝੋਲੇ ਤੇ ਗਠੜੀਆਂ
ਗੱਡੇ ਤੋਂ ਲਾਹ ਕੇ ਵੀਹੀਂ 'ਚੋਂ ਦੀ
ਚੀਕਦੇ ਮੌਜਿਆਂ ਨਾਲ ਨਸਦਾ ਸਾਂ।
ਤੇ ਸ਼ਹਿਰ ਵਿਚ ਵੇਖੀਆਂ ਮੋਟਰਾਂ, ਪੱਖਿਆਂ
ਤੇ ਬਲਦਾਂ ਤੋਂ ਬਿਨਾਂ ਚਲਦੀ
ਕੋਹ-ਲੰਮੀ ਗੱਡੀ ਦੀਆਂ ਗੱਲਾਂ
ਆਪਣੀ ਮਾਂ ਨੂੰ ਬੜੇ ਚਾਅ ਨਾਲ ਦਸਦਾ ਸਾਂ।

ਖੇਤ ਵਿਚ ਜਦੋਂ ਕਦੇ ਬਾਪੂ
ਸੁਹਾਗੇ ਤੇ ਖੜੋ ਕੇ
ਮੈਨੂੰ ਆਪਣੀਆਂ ਲੱਤਾਂ ਵਿਚਕਾਰ ਬਿਠਾਉਂਦਾ ਸੀ।
ਤਾਂ ਸੱਚੀਂ ਬੜਾ ਹੀ ਨਜ਼ਾਰਾ ਆਉਂਦਾ ਸੀ।
......ਬੜਾ ਹੀ ਨਜ਼ਾਰਾ ਆਉਂਦਾ ਸੀ!

ਤੇ ਜਦੋਂ ਕਦੇ ਘਰ 'ਚ ਕਿਸੇ ਪ੍ਰਾਹੁਣੇ ਦੇ ਆਉਣ 'ਤੇ
ਕੋਈ ਮਨ-ਚਾਹੀ 'ਮਿੱਠੀ-ਚੀਜ਼' ਬਣਦੀ ਸੀ
ਤਾਂ ਚੁਲ੍ਹੇ-ਚੌਂਕੇ 'ਚੋਂ ਜਾਣੀਂਦੀ ਕੋਈ ਮਹਿਕ ਛਣਦੀ ਸੀ।
ਤੇ ਸਾਡੇ ਭੈਣ-ਭਰਾਵਾਂ ਦੇ ਜਾਣੀਂਦੀ ਪੈਰ ਮਚਦੇ ਸਨ



ਅਸਾਡੇ ਭਾਅ ਦੀ ਬਣਦੀ ਸੀ।
ਅਸੀਂ ਸਬਾਤ ਵਿਚ ਬੈਠੇ ਪ੍ਰਾਹੁਣੇ ਕੋਲ
ਰੌਲਾ ਪਾਉਣ ਦਾ ਡਰ ਦੇ ਕੇ ਮਾਂ ਨੂੰ ਡਰਾਂਦੇ ਸਾਂ।
ਤੇ ਬਲਦੀ ਬਲਦੀ ਚੀਜ਼ ਨੂੰ ਮੂੰਹ 'ਚ ਪਾ ਕੇ
ਸੜਦੇ ਮੂੰਹ ਨਾਲ ਚੌਂਕੇ 'ਚੋਂ ਦੌੜ ਜਾਂਦੇ ਸਾਂ।

ਮੇਲੇ ਤੋਂ ਪਹਿਲੀ ਰਾਤ
ਜਦੋਂ ਬਾਪੂ ਮੇਲੇ ਤੇ ਜਾਣ ਦੀ ਹਰੀ ਝੰਡੀ ਦੇ ਕੇ
ਘਰ ਤੋਂ ਬਾਹਰ ਜਾਂਦਾ ਸੀ
ਤਾਂ ਅਸੀਂ ਮੰਜਿਆਂ ਤੇ ਬਹੁਤ ਨੱਚਦੇ ਸਾਂ।
ਸਵੇਰੇ ਸੂਰਜ ਦੀ ਟਿੱਕੀ ਨਿਕਲਣ ਤੋਂ ਵੀ ਪਹਿਲੋਂ
ਮੇਲੇ ਦੇ ਰਾਹ 'ਚ ਇਕ ਦੂਜੇ ਨੂੰ ਛੂੰਹਦੇ
ਮੇਲੇ ਤੱਕ ਬਹੁਤ ਨਸਦੇ ਸਾਂ।

ਤੇ ਮੇਲੇ ਦੀ ਚਿੰਡੋਲ ਤੇ ਚੜ੍ਹ ਕੇ
ਮੈਂ ਯੂਰੀ ਗਾਗਰਿਨ ਬਣ ਕੇ ਮੈਂ ਮੇਲੇ ਦੇ ਸਿਰ ਤੇ ਮੰਡਲਾਂਦਾ ਸਾਂ।
ਤੇ ਖ਼ੁਸ਼ੀ ਤੇ ਜਿੱਤ ਦੇ ਅਹਿਸਾਸ ਨਾਲ
ਚਿੰਡੋਲ ਹੇਠ ਫਿਰਦੇ ਕੀੜਿਆਂ ਵਰਗੇ
ਲੋਕਾਂ 'ਤੇ ਮੁਸਕਰਾਂਦਾ ਸਾਂ!

ਫਿਰ ਮੈਂ ਮੇਲੇ ਦੀ ਭੀੜ 'ਚ ਗੁੰਮ ਕੇ
ਦੂ......ਰ ਤੱਕ ਨਿਕਲ ਜਾਂਦਾ ਸਾਂ
ਤੇ ਆਪਣੀ ਰੂਹ ਦੀਆਂ ਚੀਜ਼ਾਂ
ਆਪਣੇ ਹੱਥੀਂ ਲੈ ਕੇ ਮਜ਼ੇ ਨਾਲ ਖ਼ੂਬ ਖਾਂਦਾ ਸਾਂ।
ਤੇ ਫਿਰ ਜੇਬ ਵਿਚਲੀ ਭਾਨ ਮੁੱਕਣ ਤੇ
ਲਾਗਲੇ ਤੂਤਾਂ ਤੇ ਜਾ ਚੜ੍ਹੀਦਾ ਸੀ।
ਤੂਤੀਆਂ ਖਾਂਦਿਆਂ ਜਦੋਂ ਗੁਰਦੁਆਰੇ ਦੀ
ਘੰਟੀ ਵਜਦੀ ਸੀ ਤਾਂ ਉੱਤਰ ਖੜ੍ਹੀਦਾ ਸੀ!
ਫਿਰ ਆਪਣੇ ਆੜੀਆਂ ਨਾਲ ਮੈਂ
ਸੰਗਤ ਵਿਚ ਜਾ ਬਹਿੰਦਾ ਸਾਂ

ਤੇ 'ਭਾਈ ਜੀ' ਤੋਂ ਬੜੀ ਚਲਾਕੀ ਨਾਲ
ਦੋ-ਦੋ ਤਿੰਨ-ਤਿੰਨ ਵਾਰ ਭੋਗ ਲੈਂਦਾ ਸਾਂ।
ਵਿਸਾਖੀ ਦੇ ਮੇਲੇ ਤੇ ਉਂ ਤਾਂ ਘੋਲ ਵੀ ਹੁੰਦੇ ਸਨ
ਪਰ ਸਾਡੇ ਨਿਆਣਿਆਂ ਦੇ ਏਨੀ ਭੀੜ 'ਚ
ਕਿਥੇ ਪੈਰ ਲਗਦੇ ਸਨ।
ਕਈ ਵੇਰੀਂ ਤਾਂ ਸੱਚੀਂ ਪੱਗਾਂ ਹੀ ਗਲਾਂ 'ਚ ਪੈ ਜਾਂਦੀਆਂ ਸਨ
ਤੇ ਗਿੱਟੇ ਹੀ ਵੱਢੇ ਜਾਂਦੇ ਸਨ
ਜਦ ਕਿਸੇ 'ਛਪਾਹੀ' ਦੇ ਘੁੰਮਦੇ 'ਰੂਲ' ਨੂੰ ਤੱਕ ਕੇ
ਲੋਕੀਂ ਵਾਹਣਾਂ ਵਿਚ ਨੂੰ ਭੱਜਦੇ ਸਨ।

ਬਚਪਨ ਵਿਚ ਮੈਂ ਤੇ ਮੇਰੀ ਭੈਣ
ਬਾਪੂ ਦੇ ਪਿੜ ਚੁੱਕਣ ਤੇ ਉਸ ਤੋਂ 'ਰਿੜੀ' ਲੈਂਦੇ ਸਾਂ।
ਤਾਂ ਇਸ ਤੋਂ ਵੱਟੇ ਪੈਸਿਆਂ ਨੂੰ
ਰੋਜ਼ ਰਾਤ ਨੂੰ 'ਅੰਨ੍ਹੀ-ਲਾਲਟਣ' ਦੇ ਚਾਨਣੇ
ਗਿਣਨ ਬਹਿੰਦੇ ਸਾਂ!

ਚੋਰੀ ਦੇ ਖਰਬੂਜ਼ਿਆਂ ਨੂੰ ਤੋੜ ਕੇ
ਜਦੋਂ ਮੈਂ ਤੇ ਮੇਰੇ ਹਾਣੀ ਖੂਹ 'ਚ ਵੜਦੇ ਸਾਂ।
ਤਾਂ ਨਿਗੂਣੀਆਂ ਦੋਂਹ ਰਿਵੜੀਆਂ ਵੰਡਣ ਤੋਂ
ਕਦੇ ਕਦੇ ਬਹੁਤ ਲੜਦੇ ਸਾਂ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ
ਕਿ ਕਿਵੇਂ ਨਿੱਕੀਆਂ ਜਮਾਤਾਂ ਵਿਚ
'ਵੱਡੇ ਮਾਸਟਰ' ਦੇ ਕਹਿਣ ਤੇ
ਮੈਂ ਤੇ ਮੇਰਾ ਆੜੀ ਬਿੱਕਰ
ਸਕੂਲੋਂ ਭੱਜ ਬਚਿੱਤਰ ਨੂੰ ਅੱਕਾਂ 'ਚੋਂ ਧੂਹ ਕੇ ਲਿਆਉਂਦੇ ਸਾਂ।
ਤੇ ਫਿਰ ਆਪਣੀ ਇਸ ਮਿਹਨਤ ਦੇ ਇਵਜ਼ਾਨੇ ਵਜੋਂ
'ਨਿੱਕੇ ਮਸ਼ਟਰ' ਦੇ ਕਹਿਣ ਤੇ
ਉਸ ਦਾ ਨੱਕ ਫੜ ਕੇ ਚਪੇੜਾਂ ਲਾਉਂਦੇ ਸਾਂ।

ਨਿੱਕੇ ਹੁੰਦਿਆਂ ਜਦੋਂ ਕਦੇ ਮਾਂ



ਦੋ ਦਿਨ ਨਾਨਕੇ ਚਲੀ ਜਾਂਦੀ ਸੀ
ਤਾਂ ਮੈਂ ਤਖਾਣਾਂ ਦੇ ਧੋੜੇ ਤੇ ਚੜ੍ਹਕ
ਉਸ ਦਾ ਰਾਹ ਵੇਖਦਾ ਸਾਂ ਤੇ ਹੁਬਕੀਂ ਰੋਂਦਾ ਸਾਂ।
ਸ਼ਾਮ ਹੋਣ ਤੇ ਜਦ ਉਸ ਦੇ ਆਉਣ ਦੀ
ਆਸ ਦਾ ਸੂਰਜ ਡੁੱਬ ਜਾਂਦਾ ਸੀ
ਤਾਂ ਮੈਂ ਬਾਪੂ ਤੋਂ ਡਰ ਡਰ ਕੇ
ਰਜਾਈ ਵਿਚ ਹੰਝ ਚੋਂਦਾ ਸਾਂ।

ਮੈਨੂੰ ਪਤੰਗਾਂ ਦਾ ਸੱਚੀਂ ਬੜਾ ਸ਼ੌਕ ਸੀ
ਤਦੇ ਹੀ ਮਾਂ ਕਹਿੰਦੀ ਸੀ
ਕਿ ਮੈਂ 'ਲਹਿ-ਜਾਣੇ' ਨੇ ਇਸ ਤਰ੍ਹਾਂ ਹੀ
ਕਿਸੇ ਦਿਨ ਮਰ ਜਾਣਾ ਹੈ ਜਾਂ ਲੱਤ-ਬਾਂਹ ਤੁੜਾ ਬਹਿਣਾ ਹੈ।
ਪਰ ਭੋਲੀ ਮਾਂ ਸ਼ਾਇਦ ਨਹੀਂ ਜਾਣਦੀ ਸੀ
ਕਿ ਮੈਂ ਤਾਂ ਖ਼ੁਦ ਇਕ ਦਿਨ ਪਤੰਗ ਬਣ ਕੇ ਹੀ
ਗਗਨ ਵਿਚ ਉੱਡ ਪੈਣਾ ਹੈ
ਤੇ ਕਿਸੇ ਹੋਰ ਦਿਨ ਡੋਰ ਦੇ ਟੁੱਟ ਜਾਣ ਤੇ
ਧਰਤ ਤੇ ਡਿੱਗ ਪੈਣਾ ਹੈ।

ਸੱਚੀਂ! ਮਾਂ ਬੜੀ ਹੀ ਪਿਆਰੀ ਸੀ
ਇਕ ਹੱਥ ਨਾਲ ਕੁਟਦੀ ਸੀ
ਤੇ ਇਕ ਨਾਲ ਵਰਾ ਵੀ ਦਿੰਦੀ ਸੀ।
ਉਹ ਬਾਪੂ ਦੇ ਸਾਹਮਣੇ ਹਮੇਸ਼ਾਂ ਮੇਰਾ ਪੱਖ ਪੂਰਦੀ ਸੀ
ਤੇ ਇੱਲਤ ਕਰਨ ਤੇ ਉਸ ਦਾ ਹੀ ਨਾਂ ਲੈ ਕੇ
ਮੈਨੂੰ ਡਰਾ ਵੀ ਦਿੰਦੀ ਸੀ।

ਬਚਪਨ ਦੀ ਰੰਗੀਨ ਰੁੱਤ ਹੁਣ ਨਹੀਂ ਆਵੇਗੀ
ਤੇ ਨਾ ਹੀ ਮੈਂ ਨਿਰਮਲ ਕੀ ਨਿੰਮ ਤੋਂ
ਮਲਕੜੇ ਜਿਹੇ ਜਾ ਕੇ ਉਵੇਂ ਤੋਤਾ ਹੀ ਫੜਨਾ ਹੈ।
ਮੇਰੇ ਆੜੀ ਵੀ ਮੇਰੇ ਆਪੇ ਵਾਂਗੂੰ ਦੂ......ਰ
ਖਿੰਡ-ਪੁੰਡ ਹੀ ਗਏ ਹਨ
ਨਾ ਮੈਂ ਹੁਣ ਉਹਨਾਂ ਨਾਲ ਰਲ ਕੇ ਖੇਡ ਸਕਣਾ ਹੈ,

ਤੇ ਨਾ ਹੀ ਨਿੱਕੀ ਨਿੱਕੀ ਗੱਲ ਤੇ ਲੜਨਾ ਹੈ।

ਹੁਣ ਤੇ ਬੱਸ ਕਦੇ ਕਦੇ ਜਦੋਂ
ਮੇਰੇ ਸਾਹਵੇਂ ਮੇਰੇ ਬੱਚੇ ਖੇਡਦੇ ਹਨ
ਤਾਂ ਮੇਰਾ ਬਚਪਨ ਮੇਰੀਆਂ ਅੱਖਾਂ ਵਿਚ
ਉੱਤਰ ਆਉਂਦਾ ਹੈ।
ਤੇ ਮੇਰਾ ਆਪਾ ਵੀ ਬੱਚਿਆਂ ਨਾਲ
ਬੱਚਾ ਬਣ ਕੇ ਹੀ ਖੇਡਣ ਲੱਗ ਪੈਂਦਾ ਹੈ
ਵੇਖਣ ਨੂੰ ਹੀ ਉਹ ਬੱਚਿਆਂ ਨੂੰ ਖਿਡਾਉਂਦਾ ਹੈ।

ਇੰਞ ਖੇਡਦੇ ਖੇਡਦੇ
ਹੁਣ ਮੈਂ ਤੇ ਮੇਰੇ ਬੱਚੇ ਕਦੇ ਕਦੇ
ਉਵੇਂ ਹੀ ਰਲਕੇ ਰੰਗੀਨ ਤਿਤਲੀਆਂ ਫੜਦੇ ਹਾਂ
ਤੇ ਸਤਰੰਗੀ-ਪੀਂਘ ਦੇ ਸੁਪਨੇ ਨੂੰ
ਆਪਣੇ ਮੱਥੇ ਵਿਚ ਜੜਦੇ ਹਾਂ।
ਇਉਂ ਕਦੇ ਕਦੇ ਹੁਣ ਵੀ ਭੋਲੀ ਸੂਰਤ
ਬਚਪਨ ਦੀਆਂ ਯਾਦਾਂ ਦੇ ਰੰਗੀਨ
ਪਾਣੀਆਂ ਵਿਚ ਡੁੱਬ ਜਾਂਦੀ ਹੈ।
ਪਰ ਐਨ ਉਸੇ ਪਲ ਕਿਸੇ ਜ਼ਿੰਮੇਵਾਰੀ ਦਾ ਬਾਜ਼
ਮੇਰੇ ਸਿਰ 'ਤੇ ਅਚਾਨਕ ਹੀ ਆ ਝਪਟਦਾ ਹੈ
ਤਾਂ ਬਚਪਨ ਦੀ ਰੰਗੀਨ ਤਿਤਲੀ
ਮੇਰੇ ਹੱਥਾਂ 'ਚੋਂ ਫੁ....ਰ.....ਰ ਕਰਕੇ ਉੱਡ ਜਾਂਦੀ ਹੈ!



## ਮੇਰਾ ਪਿੰਡ

(ਆਪਣੇ ਪਿੰਡ ਦੇ ਲੋਕਾਂ ਦੇ ਨਾਂ...)

ਮੇਰੇ ਪਿੰਡ -
ਮੈਂ ਜਲਾਵਤਨ
ਤੈਨੂੰ ਸਲਾਮ ਭੇਜਦਾ ਹਾਂ-ਕਬੂਲ ਕਰੀਂ!
ਅੱਥਰੂਆਂ ਵਿਚ ਭਿੱਜਿਆ ਇਕ ਪੈਗ਼ਾਮ ਭੇਜਦਾ ਹਾਂ-ਵਸੂਲ ਕਰੀਂ!!
ਉਂਞ ਸ਼ਾਇਦ ਤੇਰੇ ਲੋਕ ਮੇਰੇ ਤੇ ਦੂਸ਼ਨ ਲਾਉਂਦੇ ਹੋਣਗੇ।
ਜਦੋਂ ਕਦੇ ਭੁਲੇ ਵਿਸਰੇ ਮੇਰੀ ਬਾਤ ਪਾਉਂਦੇ ਹੋਣਗੇ।
ਕਿ ਮੈਂ ਤੈਨੂੰ ਉੱਕਾ ਹੀ ਵਿਸਾਰ ਦਿੱਤਾ ਹੈ
ਤੇ ਨਿਰਮੋਹੇ ਨੇ ਤੇਰੇ ਮੋਹ ਨੂੰ ਮੂਲੋਂ ਹੀ ਮਾਰ ਦਿੱਤਾ ਹੈ।
ਉਹ ਇਹ ਵੀ ਕਹਿੰਦੇ ਹੋਣਗੇ ਕਿ ਬਚਪਨ ਤੋਂ ਪਿਛੋਂ
ਮੇਰਾ ਲਹੂ ਚਿੱਟਾ ਹੋ ਚੁੱਕਾ ਹੈ
ਤੇ ਮੇਰੇ ਵਿਚਲੀ ਤੇਰੀ ਮੁਹੱਬਤ ਦਾ ਰੰਗ ਫਿੱਕਾ ਹੋ ਚੁੱਕਾ ਹੈ।
ਮੈਨੂੰ ਪਤਾ ਹੈ ਮੇਰੇ ਬਜ਼ੁਰਗਵਾਰ!
ਤੇਰਿਆਂ ਖੁੰਢਾਂ ਤੇ ਕਦੇ ਨਾ ਕਦੇ
ਜ਼ਰੂਰ ਮੇਰੀ ਬਾਤ ਟੁਰਦੀ ਹੋਏਗੀ
ਜਿਸ 'ਚ ਮੇਰਾ ਵਜੂਦ ਟੁਟਦਾ ਹੋਏਗਾ
ਜਿਸ 'ਚ ਮੇਰੀ ਹੋਂਦ ਭੁਰਦੀ ਹੋਏਗੀ।
ਇਹ ਵੀ ਹੁੰਦਾ ਹੋਏਗਾ ਕਦੇ ਕਦੇ
ਕਿ ਕੋਈ ਬਜ਼ੁਰਗ ਚੌਂਕੜੀ ਮੇਰੀ ਗੈਰ-ਹਾਜ਼ਰੀ 'ਚ ਮੇਰਾ ਪੱਖ ਪੂਰੇ।
ਮੇਰੀ ਸ਼ਰਾਰਤ ਦੀ ਲਿਆਕਤ ਦੀ ਤੇ ਨੇਕਨਾਮੀ ਦੀ ਚਰਚਾ ਛੇੜੇ
ਤੇ ਮੇਰੇ ਵੱਡਾ ਸਾਹਿਬ ਬਨਣ ਮਗਰੋਂ
ਛੇਤੀ ਪਿੰਡ ਗੇੜਾ ਨਾ ਮਾਰਨ ਤੇ ਵੱਖ ਝੂਰੇ।

ਪਰ ਮੇਰੇ ਬੁੱਢੇ ਬਾਬਿਆਂ ਦੇ ਕਾਂਬੇ ਨਾਲ ਥੱਰਰਾਂਦੇ ਬੁੱਲ੍ਹਾਂ 'ਚੋਂ
ਇਕ ਸ਼ਿਕਵਾ ਜ਼ਰੂਰ ਝਰਦਾ ਹੋਏਗਾ
ਕਿ ਆਖਰ ਏਡੀ ਗੱਲ ਹੀ ਕਿਹੜੀ ਹੈ
ਕਿ ਮੈਂ ਵਰ੍ਹੇ - ਛਿਮਾਹੀ ਪਿਛੋਂ ਹੀ ਪਿੰਡ ਪਰਤਦਾ ਹਾਂ।
ਮੈਂ ਆਖਰ ਕਿਉਂ ਏਨਾ ਨਿਰਮੋਹਾ ਹੋ ਗਿਆ ਹਾਂ
ਤੇ ਆਪਣੇ ਪਿੰਡ ਦੇ ਮੋਹ - ਮੱਤੇ ਲੋਕਾਂ ਨਾਲ
ਏਨਾ ਘੱਟ ਕਿਉਂ ਵਰਤਦਾ ਹਾਂ!

ਮੇਰੇ ਪਿੰਡ -
ਮੈਂ ਸਭ ਜਾਣਦਾ ਹਾਂ
ਤੇ ਤਦੇ ਹੀ ਮੈਂ ਤੈਨੂੰ ਮੇਰੇ ਪਿਆਰ - ਇਕ ਸਲਾਮ ਭੇਜਦਾ ਹਾਂ!
ਅੱਥਰੂਆਂ ਵਿਚ ਭਿੱਜਿਆ ਇਕ ਪੈਗ਼ਾਮ ਭੇਜਦਾ ਹਾਂ!!
ਤੇ ਮੈਂ ਤੇਰੀ ਬਚਪਨ ਵਿਚ ਖਾਧੀ
ਮਿੱਟੀ ਦੀ ਸਹੁੰ ਖਾ ਕੇ ਕਹਿੰਦਾ ਹਾਂ - ਮੇਰੇ ਪਿੰਡ !
ਮੈਂ ਤੈਨੂੰ ਬੜਾ ਹੀ ਯਾਦ ਕਰਦਾ ਹਾਂ
ਤੇ ਤੇਰੇ ਵਿਚ ਬੀਤੇ ਆਪਣੇ ਬਚਪਨ ਨੂੰ ਤੱਕ ਕੇ
ਅੱਖੀਆਂ ਥਾਣੀਂ ਕਿਸੇ ਘਟਾ ਵਾਂਗ ਵਰ੍ਹਦਾ ਹਾਂ।
ਤੇ ਸੁਣੀਂ!
ਹੁਣ ਵੀ ਸ਼ਾਮੀ ਚਿਰੋਕੇ ਕੈਫ਼ੇ 'ਚੋਂ ਪਰਤਦਿਆਂ
ਮੇਰੇ ਢਿੱਡ 'ਚ ਵਜਦੀ ਹੈ
ਮਾਈ ਆਸੋ ਦੀ ਭੱਠੀ ਦੀ ਕੜਾਹੀ 'ਚ ਫਿਰਦੀ ਦਾਤੀ
ਤੇ ਹੁਣ ਵੀ ਮੈਂ ਉਸਦੀ ਕੜਾਹੀ 'ਚੋਂ ਡਿੱਗਦੀਆਂ
ਖਿੱਲਾਂ ਵੱਲ ਨੀਝ ਲਾ ਕੇ ਬਹਿੰਦਾ ਹਾਂ।
ਹੁਣ ਵੀ ਅੱਥਰਾ ਮਨ ਕਦੇ ਕਦੇ
ਦੂਰ-ਦਰਸ਼ਨ ਦੀ ਮਹਿਫ਼ਲ 'ਚੋਂ ਭੱਜ ਟੁਰਦਾ ਹੈ
ਤੇ ਮੈਂ ਤੇਰੀ ਭਖਦੀ ਸੱਥ ਦੇ
ਕਿਸੇ ਨਰੋਏ ਖੁੰਢ ਤੇ ਜਾ ਬਹਿੰਦਾ ਹਾਂ।
ਉਥੇ ਜਦੋਂ ਗੁਰਦਿਆਲੇ ਅਮਲੀ ਦੀ ਝੂਠੀ ਗੱਲ 'ਤੇ
ਬਾਬਾ ਖੇਮਾ ਉਸ ਨਾਲ ਖਹਿਬੜਦਾ ਹੈ
ਤਾਂ ਮੈਂ ਖੇਸੀ ਵਿਚ ਮੂੰਹ ਪਾ ਕੇ ਬਹੁਤ ਹਸਦਾ ਹਾਂ।
ਕਦੇ ਕਦੇ ਮੈਂ ਆਪਣੇ ਕਿਸੇ ਆੜੀ ਨੂੰ



ਬਾਬੇ ਕਪੂਰੇ ਦੀ ਇਕ ਬੰਨਿਓਂ ਧਾਗੇ ਨਾਲ ਬੰਨ੍ਹੀ
ਐਨਕ ਵੱਲ ਵੇਖ ਕੇ ਅੱਖ ਮਾਰਦਾ ਹਾਂ
ਤਾਂ ਫੜਿਆ ਜਾਂਦਾ ਹਾਂ
ਤੇ ਉਸਦੇ ਛਿੱਤਰ ਲਾਹੁਣ ਤੇ ਉਵੇਂ ਦਾ ਉਵੇਂ ਨਸਦਾ ਹਾਂ।

ਮੇਰੇ ਪਿੰਡ -
ਇਸ ਸੱਥ ਵਿਚ ਚੌਂਕੜੀਆਂ ਚੁੰਝ - ਚਰਚਾ ਕਰਦੀਆਂ ਹਨ
ਤੇ ਖੁੰਢ ਆਪਸ ਵਿਚ ਭਿੜਦੇ ਹਨ।
ਇਥੇ ਪਿੰਡ ਦੀ ਕਿਸੇ ਚਿਰੋਕਣੀ ਨਿਕਲੀ ਕੁੜੀ
ਦੇ ਖੁਰੇ ਖੋਜੇ ਜਾਂਦੇ ਹਨ
ਤੇ ਵੱਡੀ ਜੰਗੀ ਵਿਚ ਕਿਸੇ ਦੇ
ਮਰਨ ਦੇ ਚਰਚੇ ਛਿੜਦੇ ਹਨ।
ਏਥੇ ਗੁਰਨਾ ਕੱਢਦੇ ਮਿਹਨਤੀ ਬਜ਼ੁਰਗਾਂ
ਦੀਆਂ ਸਫ਼ੈਦ ਦਾਹੜੀਆਂ ਅਤੇ ਦੰਦਾਂ ਤੋਂ ਸੱਖਣੇ ਬੁੱਟ
ਵੀ ਵਿਅੰਗ ਕਸਦੇ ਹਨ।
ਏਥੇ ਕਿਸੇ ਨਿਹੰਗ ਦੇ ਸ਼ਾਮੀਂ ਰਹਿਰਾਸ ਪੜ੍ਹਨ ਨੂੰ
ਜੱਟ ਕਜ਼ੀਆ ਸਹੇੜਨਾ ਹੀ ਦੱਸਦੇ ਹਨ!

ਮੇਰੇ ਪਿੰਡ -
ਮੇਰਾ ਦਾਹੜੀ ਵਾਲੇ ਬੁੱਢੇ ਬੋਹੜ ਨੂੰ ਮਿਲਣ ਨੂੰ
ਸੱਚੀਂ ਬੜਾ ਹੀ ਚਿੱਤ ਕਰਦਾ ਹੈ
ਜਿਥੇ ਸਾਉਣ 'ਚ ਲੱਗੀਆਂ ਤੀਆਂ
ਇੰਦਰ ਦੇ ਅਖਾੜੇ ਨੂੰ ਵੀ ਮਾਤ ਕਰਦੀਆਂ ਹਨ।
ਜਿਥੇ ਗਿੱਧੇ 'ਚ ਨੱਚਦੀਆਂ ਕੁੜੀਆਂ ਦੇ ਵਾਲ
ਖੁੱਲ੍ਹ ਖੁੱਲ੍ਹ ਜਾਂਦੇ ਹਨ
ਤੇ ਦੰਦਾਸੇ ਵਾਲੇ ਬੁਲ੍ਹਾਂ 'ਚੋਂ ਬੋਲੀਆਂ
ਮੀਂਹ ਵਾਂਗ ਵਰ੍ਹਦੀਆਂ ਹਨ।
ਇਥੇ ਮੁਟਿਆਰਾਂ ਦੀਆਂ ਅੱਡੀਆਂ ਦੀ ਧਮਕ ਨਾਲ
ਲਾਗਲੇ ਛੱਪੜ ਦੇ ਪਾਣੀ ਵੀ ਬੋਲ ਉੱਠਦੇ ਹਨ
ਤੇ ਉਡਦੀਆਂ ਰੰਗੀਨ ਚੁੰਨੀਆਂ
ਅੰਬਰ ਤੀਕ ਜਾ ਚੜ੍ਹਦੀਆਂ ਹਨ।

ਏਥੇ ਕੁੜੀਆਂ ਆਸਾਂ ਦੀਆਂ
ਲੰਮੀਆਂ ਪੀਂਘਾਂ ਪਾਉਂਦੀਆਂ ਹਨ
ਤੇ ਉਨ੍ਹਾਂ ਤੇ ਉੱਡ ਕੇ
ਸੁਪਨਿਆਂ ਦੇ ਤਾਰੇ ਫੜਦੀਆਂ ਹਨ।

ਮੇਰੇ ਪਿੰਡ -
ਮੈਨੂੰ ਯਾਦ ਆਉਂਦੀ ਹੈ
ਤੇਰੇ ਉਨ੍ਹਾਂ ਬਾਬਿਆਂ ਵਰਗੇ ਬੋਹੜਾਂ
ਪਿਉਆਂ ਵਰਗ ਪਿੱਪਲਾਂ
ਕੌੜੀਆਂ ਨਿੰਮਾਂ ਤੇ ਉਨ੍ਹਾਂ ਦੀਆਂ
ਮਾਵਾਂ ਵਰਗੀਆਂ ਮਿੱਠੀਆਂ ਛਾਵਾਂ ਦੀ।
ਤੇਰੇ ਸਾਵੇ ਤੂਤਾਂ ਦੀ, ਲੰਮੀਆਂ ਟਾਹਲੀਆਂ
ਲਿਫ਼ੀਆਂ ਬੇਰੀਆਂ ਤੇ ਸ਼ੂਕਦੇ ਫਰਮਾਂਹਾਂ ਦੀ
ਤੇਰੇ ਕੰਧਾਂ ਵਰਗੇ ਕਮਾਦਾਂ, ਢਹਿੰਦੀਆਂ ਕਣਕਾਂ
ਤੇ ਖਿੜ ਖਿੜ ਹਸਦੀਆਂ ਕਪਾਹਾਂ ਦੀ।

ਮੇਰੇ ਪਿੰਡ -
ਤੇਰੀਆਂ ਘੁੱਗੀਆਂ - ਮੋਰਨੀਆਂ ਤੇ ਸ਼ੀਸ਼ੇ ਜੜੀਆਂ
ਕੰਧੋਲੀਆਂ ਨੂੰ ਲੋਹੜੇ ਦਾ ਰੂਪ ਚੜ੍ਹਦਾ ਹੈ
ਜਦੋਂ ਧੁਆਂਖਿਆਂ ਹਾਰਿਆਂ 'ਚੋਂ ਉਠਿਆ
ਚਾਂਦੀ ਰੰਗਾ ਦੂਧੀਆ ਧੂਆਂ
ਕੱਚਿਆਂ ਬਨੇਰਿਆਂ ਤੋਂ ਉਪਰ ਅਸਮਾਨ ਵਿਚ ਚੜ੍ਹਦਾ ਹੈ।

ਮੇਰੇ ਪਿੰਡ -
ਮੈਂ ਜ਼ਿੰਦਗੀ ਭਰ ਨਹੀਂ ਭੁੱਲ ਸਕਾਂਗਾ
ਜਿਵੇਂ ਅਸੀਂ ਮੱਸਿਆ ਦੀ ਰਾਤ ਬਾਬੇ ਘੁਮੰਡੀ ਤੋਂ
ਪਤਾਸਿਆਂ ਦੇ ਖੀਸੇ ਭਰ ਕੇ ਮੁੜਦੇ ਸਾਂ।
ਕਰੀਰਾਂ ਵਾਲੇ ਤਕੀਏ ਤੇ ਸੁੱਖਣਾ ਲਾਹੁੰਦੇ ਸਾਂ
ਤੇ ਡੂੰਘੀਆਂ ਸ਼ਾਮਾਂ ਨੂੰ ਘਿਉ ਦੇ ਚਰਾਗ਼
ਕਰਕੇ ਮੁੜਦੇ ਸਾਂ।
ਨਾਲੇ ਸੱਚ! ਸੰਗਤ 'ਚ ਕਿੰਨਾ ਹਾਸਾ ਛਿੜਦਾ ਸੀ



ਜਦੋਂ ਗਾਂ - ਢਿੱਡਾ ਗਿਆਨੀ ਗੁਰਦੁਆਰੇ
ਪੱਕਾ ਰਾਗ ਗਾਉਂਦਾ ਸੀ।
ਮੈਂ ਉਸਦੇ ਇਸ ਕੌਤਕ ਨੂੰ
ਹਾਸੇ ਵਿਚ ਵੀ ਨੀਝ ਲਾ ਕੇ ਵੇਖਦਾ ਸੀ
ਅਤੇ ਰਾਤ ਨੂੰ ਟੱਬਰ ਵਿਚ ਬੈਠਕੇ
ਉਸਦੀ ਸਾਂਗ ਲਾਉਂਦਾ ਸੀ।

ਮੇਰੇ ਪਿੰਡ -
ਜਿਸ ਰੌੜ ਵਿਚ ਨਿੱਕੇ ਹੁੰਦਿਆਂ
ਖਿੱਦੋ - ਖੂੰਡੀ ਖੇਡਦੇ ਸਾਂ
ਉਥੇ ਹੁਣ ਸੁਣਿਆ ਹੈ ਸਾਬੂ ਸੁਨਿਆਰੇ ਨੇ
ਆਟਾ - ਚੱਕੀ ਲਾ ਲਈ ਹੈ।
ਫਲਾਹੀਆਂ ਵਿਚਲੇ ਸਾਰੇ ਰੁੱਖ ਵਢੇ ਗਏ ਹਨ
ਤੇ ਅਰਨੀ ਵਾਲੇ ਦੀ ਸਾਰੀ ਉਜਾੜ
ਲੋਕਾਂ ਨੇ ਵਾਹ ਲਈ ਹੈ।
ਮੇਲਾ ਤਾਂ ਦਸਦੇ ਹਨ ਉਦੋਂ ਤੋਂ ਹੀ ਬੰਦ ਹੈ
ਜਦੋਂ ਰੰਜੂ ਨੂੰ ਬਿੰਦਰ ਨੇ
ਸੇਲੇ ਨਾਲ ਥਾਏਂ ਹੀ ਢੇਰੀ ਕਰ ਦਿੱਤਾ ਸੀ।
ਉਥੇ ਹੁਣ ਕਹਿੰਦੇ ਹਨ
ਨਵੀਂ ਧਰਮਸ਼ਾਲਾ ਬਣ ਗਈ ਹੈ
ਤੇ ਖਾਰਾ ਖੂਹ ਧਿਆਣੇ ਕੀ ਪੱਤੀ ਨੇ
ਰੌਂਆਂ ਤੋਂ ਮਗਰੋਂ ਭਰ ਦਿੱਤਾ ਸੀ।

ਮੇਰੇ ਪਿੰਡ -
ਸੁਣਿਆ ਹੈ ਰਤਨਾ ਝੋਟੀ ਹੁਣ
ਕੀਰਤਨ ਵਾਲਿਆਂ ਨਾਲ ਚਿਮਟਾ ਨਹੀਂ ਵਜਾਉਂਦਾ!
ਵਿਆਹ ਤੋਂ ਮਗਰੋਂ ਵੀ ਗਈ ਰਾਤ ਤੱਕ
ਥੜੀ ਉੱਤੇ ਆਪਣੀ ਮਹਿਫ਼ਲ ਲਗਾਉਂਦਾ ਹੈ।
ਹਰਨਾਮ ਫੌਜੀ ਨੇ ਪੀਣ-ਮੂੰਹ
ਅੱਧੀ ਪੈਲੀ ਫੂਕ ਦਿੱਤੀ ਹੈ

ਉਹ ਠੇਕੇ ਪੀਂਦਾ ਹੀ ਨਹੀਂ
ਪੱਤਾ ਵੀ ਲਾਉਂਦਾ ਹੈ।

ਜਲਾਲਾ ਤੇਲੀ ਵੀ ਵਿਚਾਰਾ ਕਹਿੰਦੇ ਮਰ ਗਿਆ ਹੈ
ਉਸਦੇ ਕਬੂਤਰ ਪਤਾ ਨਹੀਂ ਮਗਰੋਂ ਕਿਸਨੇ ਸੰਭਾਲੇ ਹੋਣਗੇ
ਉਸਦੇ ਲੰਡੇ ਕੁੱਤੇ ਉਸਦੀ ਅਰਥੀ ਮਗਰ
ਬੰਦਿਆਂ ਤੋਂ ਵੱਧ ਰੋਏ ਹੋਣਗੇ
ਤੇ ਉਸਦੇ ਸ਼ਿਕਾਰੀ ਬੱਚੇ
ਪਿਛੋਂ ਭੂਟੇ ਨੇ ਹੀ ਪਾਲੇ ਹੋਣਗੇ।

ਬਾਬੂ ਜੋ ਕੌਡੀ ਵਿਚ ਬੰਦੇ ਨੂੰ ਟੱਪ ਜਾਂਦਾ ਸੀ
ਕਿਸੇ ਦੱਸਿਆ ਫੌਜ 'ਚੋਂ ਪੈਨਸ਼ਨ ਆ ਗਿਆ ਹੈ।
ਉਸਦਾ ਸਾਥੀ ਕਿਰਥੀ ਬ੍ਰਾਮਣ
ਜੋ ਗੁੱਟ ਫੜ ਕੇ ਅਗਲੇ ਨੂੰ ਥਾਏਂ ਨੂੜ ਲੈਂਦਾ ਸੀ
ਅੱਜ ਕੱਲ੍ਹ ਸਬਜ਼ੀ ਵੇਚਦਾ ਹੈ
ਤੇ ਉਸਨੂੰ ਰੁਜ਼ਗਾਰ ਦਾ ਫ਼ਿਕਰ ਹੀ
ਵਿਚੇ ਵਿਚ ਖਾ ਗਿਆ ਹੈ।

ਸਵੀ ਵਿਚਾਰਾ ਅੱਧੀ ਸਦੀ ਮਗਰੋਂ ਵੀ
ਅਜੇ ਉਸੇ ਤਰ੍ਹਾਂ ਜਿੱਤਵਾਲੋਂ ਡਾਕ ਢੋਂਦਾ ਹੈ
ਤ ਗੁਰਨਾਮ ਸੁੱਖੇ ਕਾ ਜੋ ਜੁਆਨੀ 'ਚ ਬੜਾ ਖ਼ਰੂਦੀ ਸੀ
ਹੁਣ ਅਠਿੱਕਾ ਘਰੇ ਹੀ ਅਖ਼ਬਾਰ ਪੜ੍ਹਦਾ ਹੈ।
ਤੇ ਮਲ੍ਹੇ ਬ੍ਰਾਮਣ ਦੇ ਮੱਥੇ ਲੱਗਣ ਤੋਂ
ਲੋਕ ਅਜੇ ਵੀ ਉਵੇਂ ਹੀ ਤ੍ਰਹਿੰਦੇ ਹਨ
ਤੇ ਉਹ ਗੱਲੇ-ਕੱਥੇ ਲੋਕਾਂ ਨਾਲ
ਉਵੇਂ ਹੀ ਲੜਦਾ ਹੈ।

ਬਾਬਾ ਗਿਆਬਾ ਜੋ ਦੁਆਬੇ ਵਿਚ ਡਾਕੇ ਮਾਰਦਾ ਸੀ
ਤੇ ਘੋੜੀ ਨੂੰ ਡਾਹ ਨਹੀਂ ਸੀ ਦਿੰਦਾ
ਸੁਣਿਆ ਹੈ ਮਰ ਗਿਆ ਹੈ।
ਤੇ ਸ਼ਾਮ ਸਿਹੁੰ ਸਰਪੰਚ



ਜਿਸਤੋਂ ਕੰਮ ਕਰਵਾਣ ਲਈ, ਲੋਕ ਕਹਿੰਦੇ ਸਨ,
ਅਧੀਆ ਚਾਹੀਦਾ ਹੈ ਗੁਜ਼ਰ ਗਿਆ ਹੈ।

ਟਾਕਾ ਨਾਈ ਅੱਜ ਕੱਲ ਹਜਾਮਤਾਂ ਨਹੀਂ ਕਰਦਾ
ਪਿੰਡ ਵਿਚ ਡਾਕ ਵੰਡਦਾ ਹੈ
ਤੇ ਮਨੀਆਰਡਰ ਆਉਣ ਤੇ ਉਹ
ਉਸ ਘਰੋਂ ਦੁੱਧ ਪੀ ਕੇ ਹੀ ਨਿਕਲਦਾ ਹੈ
ਪਰ ਯਾਰ! ਸੁਣਿਆ ਸਬੁਲ ਤੇ ਮਾਵੀ ਬੇਔਲਾਦੇ
ਵਿਚਾਰੇ ਬੁਢਾਪੇ ਵਿਚ ਬਹੁਤ ਔਖੇ ਹਨ
ਤੇ ਉਨ੍ਹਾਂ ਦਾ ਗੁਜ਼ਾਰਾ ਵੀ
ਮੁਸ਼ਕਲ ਨਾਲ ਹੀ ਚਲਦਾ ਹੈ।

ਬਾਬੇ ਨਾਗਰ ਦਾ ਠਕ ਠਕਾ ਦਸਦੇ ਚੰਗਾ ਚਲਿਆ ਹੈ
ਉਹ ਉਵੇਂ ਦਾ ਉਵੇਂ 'ਭੂਤਾਂ ਕਢਦਾ'
ਤੇ ਜੇਠੇ ਵੀਰਵਾਰ ਚੌਕੀਂ ਲਾਉਂਦਾ ਹੈ।
ਚਾਚਾ ਘਰੀਆ ਦੀਵਾਲੀ ਨੂੰ ਉਵੇਂ ਹੀ ਜੂਆ ਖੇਡਦਾ ਹੈ
ਤੇ ਲੇਖ ਬਾਲਮੀਕੀਆ ਅਨਪੜ੍ਹ ਹੋ ਕੇ ਵੀ
ਉਵੇਂ ਹੀ ਬੋਲੀਆਂ ਜੋੜਦਾ ਹੈ
ਤੇ ਜੋੜ ਕੇ ਪਿੰਡ ਦੀ ਮੁੰਡੀਰ ਨੂੰ ਸੁਣਾਉਂਦਾ ਹੈ।

ਮੇਰੇ ਪਿੰਡ –
ਮੈਨੂੰ ਅਜੇ ਵੀ ਯਾਦ ਹੈ
ਕਿ ਕਿਵੇਂ ਬਾਬੇ ਬੋਤਲੇ ਤੇ ਦਰਸ਼ਣ ਦੁਆਬੇ ਵਾਲਾ
ਧੂਵੇਂ ਚਾਦਰੇ ਵਿਚ ਅਖਾੜੇ 'ਚ
ਝੂਮ ਝੂਮ ਕੇ ਦਹੂਦ ਬਾਦਸ਼ਾਹ ਗਾਉਂਦਾ ਸੀ।
ਤੇ ਤੜਕਸਾਰ ਸਰਜਣ ਪਿੱਲਿਆਂ ਦਾ
ਜਦੋਂ ਬਲਦਾਂ ਮਗਰ ਮਿਰਜ਼ੇ ਦੀ 'ਵਾਜ਼ ਲਾਉਂਦਾ ਸੀ
ਤਾਂ ਆਲਣਿਆਂ ਵਿਚ ਸੁੱਤੇ ਪੰਛੀਆਂ ਨੂੰ ਜਗਾਉਂਦਾ ਸੀ।
ਤੇ ਉਨ੍ਹਾਂ ਨੂੰ ਵੀ ਜਾਣੀਂਦੀ ਉਸਦਾ ਮੋਹ ਆਉਂਦਾ ਸੀ।

ਮੁਨਾਖਾ ਬੇਧੜਕ ਗਿਆਨੀ ਦਸਦੇ ਹੁਣ ਕੁਝ ਢਿਲਾ ਰਹਿੰਦਾ ਹੈ

ਪਰ ਮੀਂਹ ਜਾਵੇ ਹਨੇਰੀ ਜਾਵੇ ਕਥਾ ਉਵੇਂ ਹੀ ਕਰਦਾ ਹੈ।
ਤੇ ਕਬਰਾਂ ਵਾਲੇ ਸਾਧ ਨੂੰ ਉਹ ਬੜਾ ਮਿਲ ਕੇ ਲੈਂਦਾ ਹੈ
ਤੇ ਉਸਦੀ ਮਨਮਤ ਅਤੇ ਅਖੌਤੀ ਵਿਭਚਾਰ ਤੇ
ਸਪੀਕਰ 'ਚ ਬਹੁਤ ਵਰ੍ਹਦਾ ਹੈ।
ਉਸਦੀਆਂ ਪਿੰਜਣੀਆਂ ਦੀ ਚਰਬੀ ਹੁਣ ਢਲ ਚੁੱਕੀ ਹੈ
ਪਰ ਉਸਦਾ ਖੂੰਡਾ ਅਜੇ ਵੀ ਉਵੇਂ ਹੀ ਖੜਕਦਾ ਹੈ।
ਉਹ ਹਲਟੀ ਤੇ ਨਹਾਉਂਦੇ ਜੁਆਕਾਂ ਲਈ
ਅਜੇ ਵੀ ਹਊਆ ਹੈ
ਤੇ ਸੰਗਰਾਂਦ ਨੂੰ ਸੰਗਤ 'ਚ ਉਵੇਂ ਹੀ ਗੜ੍ਹਕਦਾ ਹੈ।
ਉਸਨੂੰ ਸ਼ਿਕਵਾ ਹੈ ਕਿ ਜ਼ਮਾਨੇ ਨੂੰ ਅੱਗ ਲੱਗ ਗਈ ਹੈ
ਤੇ ਚੜ੍ਹਾਵਾ ਹੁਣ ਹਵਾ - ਮਾਫ਼ਕ ਹੀ ਚੜ੍ਹਦਾ ਹੈ
ਉਸਦੇ ਕਹਿਣ ਮੁਤਾਬਿਕ ਜੈਤੋ ਦੇ ਮੋਰਚੇ ਦੀ ਪੈਨਸ਼ਨ
ਨਾਲ ਵੀ ਉਸਦਾ ਗੁਜ਼ਾਰਾ ਮਸਾਂ ਤੁਰਦਾ ਹੈ
ਤੇ ਬੁਢਾਪੇ ਵਿਚ ਹੁਣ ਉਸ ਕੋਲ
ਕੌਣ ਖੜ੍ਹਦਾ ਹੈ?

ਮੇਰੇ ਪਿੰਡ -
ਇਥੇ, ਸ਼ਹਿਰ 'ਚ ਲੱਗੀ ਵਧੀਆ ਤੋਂ ਵਧੀਆ
ਪਿਕਚਰ 'ਚ ਬਾਲ੍ਹੋ ਮਿਰਾਸੀ ਦੀ ਗੱਲ ਵਰਗਾ
ਇਕ ਵੀ ਡਾਇਆਲਾਗ ਨਹੀਂ ਹੁੰਦਾ।
ਇਥੇ ਮਹੀਨੇ ਵਿਚ ਕਿੰਨੇ ਹੀ ਕਲਚਰਲ ਸ਼ੋਅ ਹੁੰਦੇ ਹਨ
ਪਰ ਇਨ੍ਹਾਂ ਦੇ ਕਿਸੇ ਗੀਤ ਵਿਚ ਵੀ
ਤੇਰੀ ਝਿੜੀ ਵਿਚ ਸ਼ਾਮ ਨੂੰ ਗਾਉਂਦੇ ਪੰਛੀਆਂ
ਤੇ ਚਾਟੀਆਂ ਵਿਚ ਘੁੰਮਦੀਆਂ ਮਧਾਣੀਆਂ
ਦੀ ਮਿੱਠੀ ਆਵਾਜ਼ ਦਾ ਸੰਗੀਤ ਨਹੀਂ ਹੁੰਦਾ
ਤੇ ਉਹ ਇਲਾਹੀ ਰਾਗ ਨਹੀਂ ਹੁੰਦਾ।

ਮੇਰੇ ਪਿੰਡ ! ਕਦੇ ਫ਼ੁਰਸਤ ਮਿਲੀ ਤਾਂ ਜ਼ਰੂਰ ਆਵਾਂਗਾ
ਪਰ ਤੂੰ ਮੇਰੇ ਬੱਚਿਆਂ ਨੂੰ ਮੁਆਫ਼ ਕਰ ਦੇਈਂ-ਮੇਰੇ ਪਿਆਰ!
ਕਿਉਂਕਿ ਉਹ ਤੇਰੇ ਗਹੀਰਿਆਂ ਨੂੰ ਬੜੇ ਗਹੁ ਨਾਲ ਤਕਣਗੇ
ਤੇ ਖੂਹ ਤੇ ਵਗਦੇ ਬੋਤੇ ਨੂੰ ਵੇਖ ਕੇ



ਮੈਨੂੰ ਪਤਾ ਹੈ ਉਹ ਬਹੁਤ ਡਰਨਗੇ।
ਛੱਪੜ ਵਿਚ ਨਹਾਉਂਦੀਆਂ ਮੱਝਾਂ ਨੂੰ ਉਹ ਗੰਦੀਆਂ ਕਹਿਣਗੇ
ਤੇ ਅਗਲੇ ਦਿਨ ਉਹ ਸ਼ਹਿਰ ਪਰਤਣ ਲਈ
ਵੀ ਜ਼ਿਦ ਕਰਨਗੇ।

ਪਰ ਪਿੰਡ-ਮੇਰੇ ਪਿਆਰੇ ਪਿੰਡ!
ਮੈਂ ਸ਼ਹਿਰ ਵਿਚ ਵਸਦਾ ਹਾਂ
ਤੇ ਤੂੰ ਮੇਰੇ ਦਿਲ 'ਚ ਵਸਦਾ ਹੈਂ ਤੇ ਵਸਦਾ ਰਹੇਂਗਾ
ਮੈਂ ਜੇ ਨਾ ਵੀ ਆ ਸਕਾਂ ਤਾਂ ਗ਼ਮ ਨਾ ਕਰੀਂ
ਮੈਂ ਹਰ ਆਏ ਗਏ ਤੋਂ ਤੇਰੀ ਸੁਖਸਾਂਦ ਪੁੱਛਦਾ ਰਹਾਂਗਾ
ਤੇ ਤੈਨੂੰ ਦਸਦਾ ਰਹਾਂਗਾ।

ਮੇਰੇ ਪਿੰਡ -
ਵੈਸੇ ਮੈਂ ਆਪਣੇ ਬੱਚਿਆਂ ਨੂੰ ਆਪਣੀ ਵਸੀਅਤ ਵਿਚ ਆਖਿਆ ਹੈ
ਕਿ ਉਹ ਮਰਨ ਪਿਛੋਂ ਮੇਰੀ ਲਾਸ਼ ਨੂੰ ਤੇਰੇ ਕੋਲ ਲੈ ਆਉਣ
ਤੇ ਤੇਰੇ ਉਨ੍ਹਾਂ ਸਿਵਿਆਂ ਵਿਚ ਹੀ ਲਾਂਬੂ ਲਾਉਣ
ਜਿਥੇ ਮੇਰੇ ਪਿਉ ਦਾ ਪਿਉ, ਉਸਦੇ ਪਿਉ ਦਾ ਪਿਓ
ਤੇ ਉਸਦੇ ਵੀ ਪਿਓ ਦਾ ਪਿਓ
ਸੁੱਤੇ ਪਏ ਹਨ -
ਕਿਉਂ ਏਥੇ ਸ਼ਹਿਰ ਦੇ ਚਾਨਣ ਵਿਚ ਵੀ
ਯਾਰਾ ਹਨੇਰ ਈ ਢੋਈਦਾ ਹੈ
ਅਤੇ ਇਸ ਦੇ ਸੁਰਗ ਵਿਚ ਵੀ ਜਾਣੀਂਦੀ ਨਰਕ ਹੀ ਭਰੀਦਾ ਹੈ।
ਯਕੀਨ ਜਾਣੀਂ ਮੇਰੇ ਪਿੰਡ
ਇਥੇ ਤਾਂ ਨਾ ਜੀਂਦਿਆਂ ਚੱਜ ਨਾਲ ਜੀਈਦਾ ਹੀ ਹੈ
ਤੇ ਨਾ ਹੀ ਮਰਨ ਲੱਗਿਆਂ ਚੱਜ ਨਾਲ ਮਰੀਦਾ ਹੈ!

## ਮਾਂ ਇੱਛਰਾਂ ਧਾਹਾਂ ਮਾਰਦੀ..... !

ਮਾਂ ਇੱਛਰਾਂ ਧਾਹਾਂ ਮਾਰਦੀ
ਮੈਨੂੰ ਆ ਮਿਲ ਬੱਚਿਆ ਮਿਲ ਵੇ!
ਮੇਰਾ ਖਾਲੀ ਹੋਇਆ ਬੁੱਕੜਾ
ਮੇਰੇ ਕਿਰਦੇ ਜਾਂਦੇ ਤਿਲ ਵੇ!!
ਮਾਂ ਇੱਛਰਾਂ .......!!!

ਮੈਂ ਰੱਜ ਨਾ ਤੈਨੂੰ ਤੱਕਿਆ
ਮੈਂ ਕੋਈ ਨਾ ਲਾਹਿਆ ਚਾਅ ਵੇ।
ਸੀ ਖੰਭ ਤਾਂ ਤੇਰੇ ਨਿੱਕੜੇ
ਗਿਓਂ ਲੰਮੀ ਉਡਾਰੀ ਲਾ ਵੇ।

ਮੈਂ ਅੰਬਰ-ਰਾਹ ਵੱਲ ਤੱਕਦੀ
ਹੋਈ ਖੜ੍ਹੀ-ਖੜੋਤੀ ਸਿੱਲ ਵੇ!
ਮਾਂ ਇੱਛਰਾਂ.....

ਇਹ ਭੁੱਖ ਕਿਜੇਹੀ ਚੰਦਰੀ
ਇਹ ਚੀਣਾ ਬੁਰੀ ਬਲਾ ਵੇ।
ਇਹ ਜਾਲ ਰੰਗੀਲੇ ਚਮਕਦੇ
ਇਹ ਲੈਂਦੇ ਫ਼ਾਹੀਆਂ ਪਾ ਵੇ।

ਇਹ ਟੁੱਟ-ਜਾਣੇ ਨਾ ਟੁੱਟਦੇ
ਜੇ ਲਾਈਏ ਲੱਖ ਲੱਖ ਟਿੱਲ ਵੇ!



ਮਾਂ ਇੱਛਰਾਂ.....

ਬੱਸ ਚੋਗ ਚੁਗੇਂਦੇ ਹੀ ਕਦੇ
ਤੂੰ ਆਈਂ ਉਡਾਰੀ ਲਾ ਵੇ।
ਇਹ ਵਗ ਵਗ ਹੀ ਸੁੱਕ ਜਾਵਣਾ
ਜੁ ਸਾਹਾਂ ਦਾ ਦਰਿਆ ਵੇ।

ਹਨ ਉੱਡ-ਪੁੱਡ ਜਾਂਦੇ ਦਿਸਦਿਆਂ
ਇਹ ਪਾਣੀ ਜੁ ਝਿਲਮਿਲ ਵੇ ?
ਮਾਂ ਇਛਰਾਂ........

ਇਹ ਮੁੱਕਣ ਨਾ ਜੰਜਾਲੜੇ
ਤੇ ਇੱਛਾ ਦੇ ਦਰਿਆ ਵੇ।
ਆ ਮੋਹ ਦੇ ਪੱਤਣ ਲਗੀਏ
ਕਦੇ ਹੋ ਕੇ ਬੇਪ੍ਰਵਾਹ ਵੇ!

ਲੱਖ ਅੱਗ ਬੁਝਾਈਏ ਢਿੱਡ ਦੀ
ਪਰ ਬੁਝਣ ਨਾ ਦੇਈਏ ਦਿਲ ਵੇ!
ਮਾਂ ਇੱਛਰਾਂ.....

## ਬਾਪੂ

ਹੁਣ ਅਧੇੜ ਉਮਰ 'ਚ ਘਰੇ ਉਦਾਸ ਬੈਠੇ ਹਾਂ!

ਨਿੱਕੇ ਨਿੱਕੇ ਪੌਦਿਆਂ ਵਾਂਗੂੰ
ਧੁੱਪਾਂ ਦੇ ਵਿਚ ਝਵੇਂ ਝਵੇਂ ਜਿਹੇ!
ਸਿਰ ਤੇ ਕੋਈ ਸੰਘਣੀ ਛਾਂ ਨਹੀਂ ਹੈ!!

ਚਾਰ-ਚੁਫ਼ੇਰੇ ਚਹੁੰ-ਦਿਸ਼ਾਈਂ
ਚੁੱਪ - ਚਰਾਂ ਹੈ।
ਵੇਖਣ ਨੂੰ ਤਾਂ ਸਾਰਾ ਕੁਝ ਹੀ ਚੱਲ ਰਿਹਾ ਹੈ
ਰੁੱਖਾਂ ਉੱਤੇ ਰੰਗਲੇ ਪੰਛੀ ਚਹਿਕ ਰਹੇ ਹਨ
ਹਰੇ ਕਚੂਰ ਅਤੇ ਨਸ਼ਿਆਏ
ਰੁੱਖ ਹਵਾ ਵਿਚ ਰੁਮਕ ਰਹੇ ਹਨ।

ਜੀਅ ਨਹੀਂ ਲਗਦਾ!

ਦੁਨੀਆਂ ਦੇ ਸਾਮਾਨ ਬੜੇ ਹਨ
ਪਰ੍ਹਾਂ ਰੱਖੋ ਜੀ ਫ਼ਲਸਫ਼ਿਆਂ ਨੂੰ
ਇਹ ਤਾਂ ਕਿੰਨੀ ਵਾਰ ਪੜ੍ਹੇ ਹਨ।

ਜੀਅ ਨਹੀਂ ਲਗਦਾ!

ਜੇ ਤਾਰਿਆਂ ਨੂੰ ਫੜਨਾ ਚਾਹੀਏ
ਫੜ ਸਕਦੇ ਹਾਂ।



ਸਧਰਾਂ ਦਾ ਕੋਈ ਫੁੱਲ ਤੋੜਕੇ
ਅਜੇ ਵੀ ਕੇਸੀਂ ਜੜ ਸਕਦੇ ਹਾਂ।
ਪਰ ਹੁਣ ਸਾਡਾ ਜੀਅ ਨਹੀਂ ਲਗਦਾ!

ਬਾਪੂ ਬਾਝੋਂ -
ਜੀਅ ਨਹੀਂ ਲਗਦਾ!!

ਚਿੱਤ ਕਰਦਾ ਨਿੱਕੇ ਹੋ ਜਾਈਏ
ਮੰਜਿਆਂ ਤੇ ਉਹ ਧੁੰਮ ਮਚਾਈਏ
ਮਨ-ਚਾਹਿਆ ਉਹ ਖ਼ੌਰੂ ਪਾਈਏ!
ਖੌਰੂ ਪਾਉਂਦਿਆਂ ਪਾਉਂਦਿਆਂ ਉੱਤੇ
ਉਹ ਖਰ੍ਹਵਾ ਬਾਪੂ ਆ ਜਾਵੇ
ਉਸਤੋਂ ਡਰਦੇ ਚੋਰੀ-ਚੋਰੀ
ਵਿਚ ਰਜਾਈਆਂ ਲੁਕ-ਛਿਪ ਜਾਈਏ!

ਪਰ ਉਹ ਪਿਆਰਾ ਪਿਆਰਾ ਬਾਪੂ
ਹੁਣ ਤਾ ਕਿੰਨੀ ਦੂਰ ਗਿਆ ਹੈ
ਇਹ ਦਿਲ ਸਾਡਾ ਓਦਰਿਆ ਜਿਹਾ
ਹਾਏ ਬਾਪੂ ਨੂੰ ਝੂਰ ਰਿਹਾ ਹੈ!

ਬਾਪੂ ਬਾਝੋਂ
ਹੁਣ ਤਾਂ ਘਰ ਸੁੰਨਸਾਨ ਜਿਹਾ ਹੈ।
ਉੱਪਰੋਂ ਸਭ ਕੁਝ ਰੰਗਦਾਰ ਹੈ
ਅੰਦਰੋਂ ਸਭ ਸ਼ਮਸ਼ਾਨ ਜਿਹਾ ਹੈ!

....ਤੇ ਹੁਣ ਤੁਰ ਗਏ ਬਾਪੂ ਬਾਝੋਂ
ਜੀਅ ਨਹੀਂ ਲਗਦਾ।

ਹਾਏ! ਉਹ ਬਾਪੂ ਪਿਆਰਾ ਪਿਆਰਾ
ਡਰ-ਭਉ ਵਾਲਾ
ਜਿਸ ਅੱਖੀਂ ਨਹੀਂ ਝਾਕ ਸੀ ਹੁੰਦਾ।
ਮਨ ਵਿਚ ਡੂੰਘੀਆਂ ਡੂੰਘੀਆਂ ਗੱਲੀਂ
ਮੂੰਹ ਤੇ ਕੁਝ ਨਹੀਂ ਆਖ ਸੀ ਹੁੰਦਾ!

ਹਾਏ! ਉਹ ਸੋਹਣੀ ਬੱਬਰ ਦਾਹੜੀ
ਹਾਏ! ਉਹ ਚਿੱਟੀਆਂ ਚਿੱਟੀਆਂ ਮੁੱਛਾਂ।
ਹਾਏ! ਉਹ ਨੈਣੀ ਪ੍ਰਸ਼ਨ ਦਮਕਦੇ
ਹਾਏ! ਓਹ ਨਿੱਕੀਆਂ ਦੱਸਾਂ-ਪੁੱਛਾਂ!

ਹਾਏ! ਉਹ ਗੰਦੀਆਂ-ਸੁੱਚੀਆਂ ਗਾਹਲਾਂ
ਨਾਲ ਜਿਹਨਾਂ ਮਨ ਭਰ ਜਾਂਦਾ ਸੀ।
ਉਸਦੀ ਇਕ ਚੁਪੇੜ ਨਾਲ ਹੀ
ਮ੍ਰੀਨੇ-ਖੰਡ ਲਈ ਸਰ ਜਾਂਦਾ ਸੀ।

ਨਿੱਕੀਆਂ-ਨਿੱਕੀਆਂ ਹਾਏ ਲੜਾਈਆਂ
ਬੇਬੇ ਦੇ ਨਾਲ ਦੂਰੋਂ-ਦੂਰੀ।
ਹਾਸੇ ਥੋੜ੍ਹੇ ਰੋਣੇ ਬਹੁਤੇ
ਇਕ ਇਕ ਗੱਲ ਤੇ ਘੂਰ-ਮਸੂਰੀ!

ਹਾਏ! ਖੇਸ ਦੀ ਬੁੱਕਲ ਸਹਣੀ



ਹਾਏ! ਉਹ ਚੁਲ੍ਹੇ ਮੂਹਰੇ ਬਹਿਣਾ।
ਰਾਤੀਂ ਸੋਚੀ ਮਾਂ ਨਾਲ ਚਿਤਵੀ
ਤੜਕੇ ਬਹਿਕੇ ਉਸਨੂੰ ਕਹਿਣਾ।

ਹੁਣ ਉਦਾਸੇ ਆਸ-ਨਿਰਾਸੇ ਅਤੇ ਪਿਆਸੇ
ਜਦ ਸੁਪਨੇ ਵਿਚ ਪਿੰਡ ਪਰਤੀਏ
ਦਿਲ ਬਾਪੂ ਦੀ ਖੋਹ ਪੈਂਦੀ ਹੈ
ਜਿਓਂ ਉਹ ਗਾਲ੍ਹੜ ਭਜਦੇ-ਉੱਡਦੇ
ਬੁੱਢੀ ਬੇਰੀ ਦੇ ਬੇਰ ਸੀ ਟੁੱਕਦੇ
ਹਾਏ! ਇਉਂ ਹੀ ਤੁਰ ਗਏ ਬਾਪੂ ਦੀ
ਯਾਦ ਮੇਰੇ ਦਿਲ ਨੂੰ ਟੁਕਦੀ ਹੈ।

ਘਰ, ਪਤਨੀ ਹੈ, ਬੱਚੇ ਵੀ ਹਨ
ਸਭ ਹੈ ਚਲਦਾ।
ਇਸ ਸੰਤੋਖੀ ਜ਼ਿੰਦਗੀ ਵਿਚ ਪਰ
ਦਿਲ ਦਾ ਹੈ ਇਕ ਕੋਈ ਕੋਨਾ
ਜੁ ਰਿਸਦਾ ਤੇ ਹੈ ਵਿਲਕਦਾ!

ਬਾਪੂ ਜੁ ਨਹੀਂ!
ਤੇ ਹੁਣ ਸਾਡਾ
ਬਾਪੂ ਬਾਝੋਂ-
ਜੀਅ ਨਹੀਂ ਲਗਦਾ!
ਜੀਅ ਨਹੀਂ ਲਗਦਾ!!

# ਮੇਰਾ ਨਿੱਕਾ ਜਿਹਾ ਸਕੂਲ

ਮਹਾਂ ਨਗਰ ਵਿਚ ਰਹਿੰਦੇ ਰਹਿੰਦੇ
ਕਦੇ ਕਦੇ ਹੁਣ ਆਵਣ ਐਵੇਂ
ਸੋਚਾਂ ਊਲ-ਜਲੂਲ।
ਰਹਿ ਰਹਿ ਕੀਕਰ ਚੇਤੇ ਆਵੇ
ਅੱਧਾ ਪੱਕਾ ਅੱਧਾ ਕੱਚਾ
ਨਿੱਕਾ ਜਿਹਾ ਸਕੂਲ!!
ਮੇਰਾ! ਨਿੱਕਾ ਜਿਹਾ ਸਕੂਲ!!

ਪਿੱਪਲਾਂ ਹੇਠਾਂ ਬੋਰੀਆਂ ਉੱਤੇ
ਗੋਡੇ ਮਾਰ ਮਾਰ ਕੇ ਬਹਿਣਾ।
ਇਕ ਦੂਜੇ ਦੀ 'ਸਾਹੀ' ਵਿਚੋਂ
ਚੋਰੀ ਦੇ ਕੇ 'ਡੋਬ੍ਹਾ' ਲੈਣਾ।
ਕਦੇ ਸੁਆਲਾਂ ਦੀ ਘੰਟੀ ਵਿਚ
ਠਾਹ ਠਾਹ ਪੈਣੇ ਰੂਲ।
ਮੇਰਾ ਨਿੱਕਾ ਜਿਹਾ ਸਕੂਲ.....।

ਵਿਚ ਪਰੇਅਰ ਸਫ਼ਾਈ ਵੇਲੇ
'ਨਾਹ ਕੇ ਆਇਆ' ਝੂਠ ਚਲਾਉਣੇ।
ਕਦੇ ਸੁਆਲ ਦੇ ਨਾ ਆਉਂਦੇ ਵੀ
ਉੱਚੇ ਕਰ ਕਰ ਹੱਥ ਹਿਲਾਉਣੇ।
ਫੱਟੀਓਂ ਫੱਟੀ ਹੋ ਕੇ ਐਵੇਂ
ਖਾਣੀ ਕੁੱਟ ਫਜ਼ੂਲ।
ਹਾਏ! ਉਹ ਮੇਰਾ ਨਿੱਕਾ ਜਿਹਾ ਸਕੂਲ।



ਕਦੇ 'ਮਲੀਟਰ' ਬਣ ਕੇ ਮੂੰਹ 'ਚੋਂ
ਲਿਖੇ ਸੁਆਲ....ਅਲਾਉਣਾ।
ਵੇਖ ਸਲੇਟਾਂ ਪੱਖ ਪੂਰਨੇ
ਜਣੇ ਖਣੇ ਤੇ ਰੋਅਬ ਜਮਾਉਣਾ
ਵਿਹਲੇ ਪੀਰਡ ਗੇਂਦੇ ਸਿੰਜਣੇ
ਫ਼ਿਕਰ ਨਾ ਹੋਣਾ ਮੂਲ।
ਮੇਰਾ ਨਿੱਕਾ ਜਿਹਾ ਸਕੂਲ।

'ਮਾਸਟਰ' ਜੀ ਦੀ ਇਕ ਸੈਨਤ ਤੇ
ਭੱਜ ਭੱਜ ਕੁਰਸੀ-ਚਾਕ ਲਿਆਉਣੇ।
ਕਦੇ ਪਹਾੜੇ ਭੁੱਲ ਜਾਵਣ ਤੇ
ਕੰਨ ਫੜ ਛਿੱਤਰ ਖਾਣੇ-ਲਾਉਣੇ।
ਛੁੱਟੀਆਂ ਮੁੱਕਦੇ ਵਿੰਗੀ ਹੋਣੀ
ਕੋਈ ਨਾ ਕੋਈ ਚੂਲ।
ਮੇਰਾ ਨਿੱਕਾ ਜਿਹਾ ਸਕੂਲ.....।

ਨਾ ਉਹ ਮੌਸਮ ਨਾ ਉਹ ਗੱਲਾਂ
ਗੁੰਮ ਗਏ ਉਹ ਮਿੱਤਰ ਪਿਆਰੇ।
ਪਹੁ ਫੁੱਟਣ ਤੇ ਇਕ ਇਕ ਕਰ ਕੇ
ਗੁੰਮ ਜਾਂਦੇ ਹਨ ਜੀਕੂੰ ਤਾਰੇ।
ਕਿਥੇ ਹੁਣ ਉਹ ਛੋਟੀਆਂ ਗੱਲਾਂ?
ਵੱਡੇ ਰੰਗ ਚਲੂਲ?
ਰਹਿ ਰਹਿ ਮੈਨੂੰ ਚੇਤੇ ਆਵੇ
ਨਿੱਕਾ ਜਿਹਾ ਸਕੂਲ।
ਮੇਰਾ ਨਿੱਕਾ ਜਿਹਾ ਸਕੂਲ!
ਹਾਏ! ਉਹ ਨਿੱਕਾ ਜਿਹਾ ਸਕੂਲ!!

## ਮੇਰੇ ਦੋਸਤ

(ਹਿੰਦ-ਪਾਕਿ ਦੋਸਤੀ ਦੇ ਨਾਂ)

ਮੇਰੇ ਸਾਥੀ
ਮੇਰੇ ਦੋਸਤ
ਮੇਰੇ ਮਹਿਬੂਬ
ਆ ਕਿ ਟੁੱਟ ਗਏ
ਸ਼ੀਸ਼ੇ ਦੇ ਟੁਕੜੇ ਜੋੜੀਏ!

ਸ਼ੀਸ਼ਾ
ਜਿਸਦੇ ਪਾਣੀਆਂ ਵਿਚ
ਜ਼ਹਿਰ ਕੌੜਾ ਘੁਲ ਗਿਆ।
ਇਕ ਸੁੱਚੇ ਇਕਰਾਰ ਦਾ ਸੀ
ਅਕਸ ਜਿਸ 'ਚ ਮਰ ਗਿਆ।
ਜਿਸ 'ਚ ਇਕ ਪਲ
ਕਤਲ ਵਰਗਾ ਹਾਦਸਾ ਸੀ ਹੋ ਗਿਆ।
ਸ਼ੈਕਸਪੀਰੀਅਨ ਦੁਖਾਂਤ ਦਾ ਸੀ
ਕਾਂਡ ਇਕ ਪੜ੍ਹਿਆ ਗਿਆ
ਤੇ ਹੋਰ ਇਕ ਪਲ
ਸਭਿੱਅਤਾ ਦਾ ਮਰਸੀਆ
ਪੜ੍ਹਿਆ ਗਿਆ
ਤਹਿਜ਼ੀਬ ਨੂੰ ਤਦ ਸ਼ਰਮ ਦਾ ਸੀ
ਤਾਪ ਤੇਈਆ ਚੜ੍ਹ ਗਿਆ।



ਵਫ਼ਾ ਵਰਗੀ ਉਮਰ ਮੱਥੇ
ਨਾਗ ਮਾਰੂ ਲੜ ਗਿਆ।
ਲਾਸ਼ ਉੱਤੇ ਨਫ਼ਰਤਾਂ ਦਾ
ਝੱਖੜ ਇਕ ਝੁੱਲਦਾ ਰਿਹਾ।
ਇਕ ਅਕਸ ਮਾਂਦਾ ਪੈ ਗਿਆ।
ਇਕ ਹੋਰ ਝਟਕਾ ਲੱਗਿਆ
ਸ਼ੀਸ਼ੇ ਦਾ ਪਾਣੀ ਤਿੜਕਿਆ।

ਮੇਰੇ ਸਾਥੀ
ਮੇਰੇ ਦੋਸਤ
ਮੇਰੇ ਮਹਿਬੂਬ
ਮੈਂ ਇਹ ਕੀ ਸੁਪਨਾ ਦੇਖਿਆ?
ਸ਼ੀਸ਼ਾ ਜੋ ਚਿਰ ਦਾ ਟੁੱਟਿਆ
ਉਸ ਦਾ ਹਰ ਟੁਕੜਾ ਵਿਲਕਿਆ।
ਨਫ਼ਰਤਾਂ ਦੀ ਧੂੜ ਦਾ
ਹਰ ਕਣ ਅਚਾਨਕ ਉੱਡਿਆ।
ਵਫ਼ਾ ਦਾ ਇਕ ਹਰਫ਼ ਸੁੱਚਾ
ਹਾਦਸੇ 'ਚੋਂ ਬਚ ਗਿਆ।
ਵਾਪਰੇ ਦੁਖਾਂਤ ਦਾ
ਹਰ ਵਰਕਾ ਪੁੱਠਾ ਹੋ ਗਿਆ।
ਜੋ ਤੇਰੇ ਵਰਗੇ ਅਕਸ ਨੂੰ
ਹੈ ਫੇਰ ਜ਼ਿੰਦਾ ਕਰ ਗਿਆ।

ਮੇਰੇ ਸਾਥੀ
ਮੇਰੇ ਦੋਸਤ
ਮੇਰੇ ਮਹਿਬੂਬ
ਸਮੇਂ ਦੀ ਅਜ ਤਾਰ ਨੂੰ
ਇਕ ਪੌਣ-ਝੋਂਕਾ ਛੂਹ ਗਿਆ
ਮੁਹੱਬਤਾਂ ਦਾ ਗੀਤ
ਸੀ ਜੋ ਬਹੁਤ ਪਹਿਲੋਂ ਸੌਂ ਗਿਆ
ਅਜ ਫੇਰ ਉੱਚਾ ਹੋ ਗਿਆ
ਤੇ ਅੰਬਰਾਂ ਨੂੰ ਛੂਹ ਗਿਆ।
ਸੰਗੀਤ ਦਾ ਇਕ ਮਾਖਿਓਂ
ਬਰੂਹੀਂ ਸਾਡੇ ਚੋ ਗਿਆ।
ਦੋਸਤੀ ਦੇ ਵਾਅਦਿਆਂ ਦਾ
ਸ਼ਗਨ ਸੁੱਚਾ ਹੋ ਗਿਆ।
ਤੈਨੂੰ ਵੀ ਜੁ ਪਹੁ ਗਿਆ।
ਮੈਨੂੰ ਵੀ ਜੁ ਪਹੁ ਗਿਆ!!
ਤੇ ਦੁਸ਼ਮਣਾਂ ਨੂੰ ਕੁਹ ਗਿਆ।



## ਇਕ ਸੁਪਨੇ ਦਾ ਗੀਤ

ਨੀਲੇ ਨੀਲੇ ਅੰਬਰਾਂ 'ਚ
ਰਥ ਰੁਕੇ ਤਾਰਿਆਂ ਦੇ
ਖਿੱਤੀਆਂ ਵੀ ਗਈਆਂ ਨੇ ਖਲੋਅ।

ਚਿੱਟਾ ਚਿੱਟਾ ਛਿੱਟਾ ਦਿੱਤਾ
ਚਾਨਣੀ ਨੇ ਚਾਨਣਾ ਦਾ
ਆਣ ਲੱਥੀ ਲੋਹੜਿਆਂ ਦੀ ਲੋਅ।

ਮਾਣ-ਮੱਤੀ ਪੌਣ ਕੋਈ
ਛੇੜ ਛੇੜ ਸ਼ੋਖ਼ ਜਿਹੀ
ਲੰਘ ਗਈ ਕਰੂੰਬਲਾਂ ਨੂੰ ਛੋਹ।

ਸੁੱਤੀ ਸੁੱਤੀ ਨਦੀ ਵਹੇ
ਸਪਨੀ ਦੇ ਵਾਂਗ ਕੋਈ
ਪਾਣੀਆਂ ਨੂੰ ਸੀਨੇ 'ਚ ਸਮੋਅ।

ਸਾਹਾਂ 'ਚ ਸੁਗੰਧੀਆਂ
ਤੇ ਅੱਖਾਂ 'ਚ ਉਨੀਂਦਰਾ ਲੈ
ਉੱਡੀ ਉੱਡੀ ਫਿਰੇ ਖੁਸ਼ਬੋਅ।

ਫਿਰਦਾ ਫਰਾਟਾ ਕੋਈ
ਸ਼ੈਲ ਜਿਹਾ ਸ਼ਰਾਬੀ ਹੋਇਆ

ਕਲੀਆਂ ਨੂੰ ਲਵੋ ਨੀ ਲਕੋਅ।

ਚੁੱਪ ਚੁੱਪ ਟਾਹਲੀਆਂ
ਤੇ ਚੁੱਪ ਚੁੱਪ ਬੇਰੀਆਂ
ਬੇਲਿਆਂ 'ਚ ਜਾਗਦਾ ਨ ਕੋਅ।

ਇਕ ਜਾਗੇ ਚਾਨਣੀ
ਤੇ ਚਾਨਣੀ ਜਿਹੀ ਹੀਰ ਕੋਈ
ਜੀਹਦੇ ਪੱਲੇ ਸੱਜਣਾਂ ਦਾ ਮੋਹ।

ਰਾਂਝਣੇ ਦੀ ਵੰਝਲੀ 'ਚੋਂ
ਉੱਡਿਆ ਨੀ ਗੀਤ ਕੋਈ
ਹੀਰ ਬੂਹੇ ਗਿਆ ਨੀ ਖੜੋਅ।

ਪੋਲੇ ਪੋਲੇ ਪੱਬਾਂ ਨਾਲ
ਉੱਠ ਪਈ ਪੰਜੇਬਾਂ ਵਾਲੀ
ਗੀਤ ਪਿਛੇ ਟੁਰ ਗਈ ਹੋ।

ਟਾਹਲੀਆਂ ਵੀ ਲੰਘ ਆਈ
ਬੇਰੀਆਂ ਵੀ ਲੰਘ ਆਈ
ਮਿਲ ਪਈ ਸੱਜਣਾਂ ਦੀ ਸੋਅ।

ਸ਼ਗਨਾਂ ਦੀ ਰਾਤ 'ਚ
ਮੁਹੱਬਤਾਂ ਦੀ ਗੱਲ ਟੁਰੀ
ਗਈ ਨੀਂ ਤਰੇਲ ਤੇਲ ਚੋਅ।



ਸੱਜਣਾਂ ਦੇ ਬੁਲ੍ਹਾਂ ਉੱਤੇ
ਹਾਸਿਆਂ ਦੇ ਫੁੱਲ ਉੱਗੇ
ਸਾਹਾਂ ਵਿਚੋਂ ਆਵੇ ਖੁਸ਼ਬੋਅ।

ਜਿੰਦ ਵਿਚ ਜਿੰਦ
ਅਤੇ ਸਾਹ ਵਿਚ ਸਾਹ ਘੁਲੇ
ਰੂਹ ਵਿਚ ਰੂਹ ਗਈ ਖੋਅ।

ਇਕ ਲੱਪ ਚੁੰਮਣਾਂ ਦੀ
ਇਕ ਲੱਪ ਹਾਸਿਆਂ ਦੀ
ਗਈ ਨੀ ਕੌੜਿਤਣਾਂ ਨੂੰ ਧੋਅ।

ਇਕ ਚੱਪਾ ਚੰਨ ਦਾ
ਤੇ ਇਕ ਮੁੱਠ ਤਾਰਿਆਂ ਦੀ
ਪੱਛਮੀ ਦੁਮੇਲ ਗਈ ਛੋਹ।

ਡਿੱਗ ਪਈ ਵੰਝਲੀ
ਤੇ ਟੁੱਟ ਗਿਆ ਗੀਤ ਕੋਈ
ਚਾਨਣਾਂ ਦੀ ਅੱਖ ਪਈ ਰੋ।

ਨੀਲੇ ਨੀਲੇ ਅੰਬਰਾਂ 'ਚ
ਰਥ ਰੁਕੇ ਤਾਰਿਆਂ ਦੇ
ਖਿੱਤੀਆਂ ਵੀ ਗਈਆਂ ਨੇ ਖਲੋਅ।

## ਮੁਲਖ ਪਰਾਇਆ

ਖੂਹ ਦੀਓ ਟਿੰਡੋ! ਗੱਲ ਸਮਝਾਇਓ ਕਿੰਨੇ ਕੁ ਡੂੰਘੇ ਪਾਣੀ ?
ਥੱਲੇ ਹਨ੍ਹੇਰਾ ਉੱਤੇ ਸਵੇਰਾ ਖੂਹ ਦੀ ਅਜਬ ਕਹਾਣੀ!

ਰੁੱਖ ਮਿੱਤਰੋ! ਇਕ ਬਾਤ ਸਚਾਵੀ ਦਰਦਾਂ ਦਾ ਦੂਰ ਹੰਢਾਵਣ!
ਦੋ ਪਲ ਸਿਖਰ ਦੁਪਹਿਰੀਂ ਰਹਿ ਕੇ ਪਰਛਾਵੇਂ ਤੁਰ ਜਾਵਣ!

ਵੀਰ ਪਰਿੰਦਿਓ! ਦੱਸ ਕੇ ਜਾਇਓ ਕਿਚਰੁਕ ਦੂਰ ਉਡਾਰੀ ?
ਇਕ ਪਲ ਚੋਗਾ ਦੋ ਪਲ ਗੁਟ੍ਰਕਣ ਇਕ ਪਲ ਹੋਰ ਤਿਆਰੀ!

ਹਰੀਏ ਜੂਹੇ ! ਕੱਚ ਨਾ ਬੋਲੀਂ, ਮੌਸਮ ਨਹੀਂ ਨਿਰਮੋਹੀ ?
ਇਕ ਰੁੱਤ ਬਾਗ਼ ਬਹਾਰ ਰੰਗੀਨੀਂ, ਇਕ ਰੁੱਤ ਬੰਜਰ ਰੋਹੀ!

ਹੀਰਿਆਂ ਹਰਨਾ! ਸਰਪਰ ਮਰਨਾ, ਸਦਾ ਨਾ ਚੁੰਗੀਆਂ ਭਰਨਾ!
ਟੁਟਣੀਆਂ ਡਾਰਾਂ ਮੋਹ ਦੀਆਂ ਤਾਰਾਂ ਕਿਚਰੁਕ ਰਲਮਿਲ ਚਰਨਾ!

ਕਾਲਿਓ ਬੱਦਲੋ! ਪੁੱਛਣ ਬਰੋਟੇ ਕੀ ਕੋਈ ਸੱਲ ਪੁਰਾਣਾ ?
ਗੱਜ ਗੱਜ ਹੱਸਣਾ ਇਕ ਪਲ, ਦੂਜੇ ਰੋ ਢੇਰੀ ਹੋ ਜਾਣਾ।

ਕਿਰਨੋਂ ਵਾਓ ਫੁੱਲੋ ਜ਼ੁਲਫ਼ੋ ਕੀ ਕੁਝ ਲੇਖ ਲਿਖਾਇਆ।
ਇਕ ਪਲ ਰੰਗ ਦੀ ਦੁਨੀਆਂ ਆਪਣੀ ਇਕ ਪਲ ਮੁਲਖ ਪਰਾਇਆ!



## ਪਿੰਡ ਦਿਓ ਆਜੜੀਓ !

ਪਿੰਡ ਦਿਓ ਆਜੜੀਓ!
ਹੁਣ ਰੰਗੀਆਂ ਭੇਡਾਂ
ਤੋਰ ਲਿਆਵੋ
ਸੱਤ ਸਮੁੰਦਰੋਂ ਪਾਰ!!
ਨਾਲੇ ਸਾਨੂੰ ਆਣ ਮਿਲਾਵੋ
ਆਲੇ-ਭੋਲੇ ਲੇਲੇ ਸਾਡੇ ਯਾਰ!!!

ਰੌਸ਼ਨੀਆਂ ਤੱਕ ਅਸੀਂ ਮੁਸਾਫਿਰ
ਪੱਥਰ-ਸ਼ਹਿਰ 'ਚ ਆਏ।
ਮਹਾਂ-ਨਗਰ ਦੀ ਮਿੱਠੀ-ਕੈਦ 'ਚ
ਹੁਣ ਜਿੰਦ ਘਟਦੀ ਜਾਏ।
ਕਦੇ ਕਦੇ ਤਾਂ ਲਗਦਾ ਆਪਾ
ਚਿਣ ਬੈਠੇ ਦੀਵਾਰ!
ਆ ਕੇ ਪਿੰਡ ਦੀ ਬਾਤ ਸੁਣਾਇਓ
ਕਰਿਓ ਆਣ ਪਿਆਰ!!
ਪਿੰਡ ਦਿਓ......!!!

ਮਹਾਂ-ਨਗਰ ਦੀਆਂ ਬੱਜਰ-ਸੜਕਾਂ
ਲੋਹੇ ਲੋਹਾ ਠਣਕੇ।
ਮਨ ਰੋਵੇ ਤਨ ਜੂਝੇ ਸਾਡਾ
ਗਲ ਮੁੜ੍ਹਕੇ ਦੇ ਮਣਕੇ
ਪੈਰਾਂ ਦੇ ਵਿਚ ਬੇੜੀ ਸਾਡੇ

ਸਿਰ ਅਣ ਤੁਲਵੇਂ ਭਾਰ!
ਸਹੁੰ ਲੱਗੇ ਜੇ ਲੰਘਦੇ-ਤੁਰਦੇ
ਲਵੇਂ ਨਾ ਆ ਕੇ ਸਾਰ!!
ਪਿੰਡ ਦਿਓ.....!!!

ਮਹਾਂ-ਨਗਰ ਇਕ ਨੰਗਾ ਥਲ ਜੁ
ਤਪਦਾ ਭੱਠ ਦੇ ਹਾਰ।
ਰੂਹ ਕੁਮਲਾਵੇ ਤੇ ਕੁਰਲਾਵੇ
ਲੁੱਛਦਾ ਇਹ ਆਕਾਰ।
ਕੀਕਰ ਤੁਰੀਏ ਮੁੜੀਏ ਕੀਕਰ?
ਪੈਰਾਂ ਹੇਠ ਅੰਗਾਰ!
ਢਾਂਗੀ ਦੇ ਨਾਲ ਸੂਰਜ ਲਾਹ ਕੇ
ਥਲ ਨੂੰ ਜਾਵੇਂ ਠਾਰ!!
ਪਿੰਡ ਦਿਓ.....!!!

ਐਧਰ ਦੁੱਖ ਤੇ ਔਧਰ ਗ਼ਮ ਹਨ
ਜੁ ਹੱਡਾਂ ਨੂੰ ਖਾਂਦੇ।
ਦੋ ਪਲ ਸਾਡੀ ਦਰਦ-ਕਹਾਣੀ
ਸੁਣਿਓ ਜਾਂਦੇ ਜਾਂਦੇ।
ਇਕ ਸ਼ਸ਼ਕਾਰਾ ਮਾਰੋ ਐਸਾ
ਦੋਵੇਂ ਗ਼ਮ ਸ਼ਸ਼ਕਾਰ!
ਹਾਸੇ ਠੱਠੇ ਮਸ਼ਕਰੀਆਂ ਦੀ
ਪਾਵੋ ਆਣ ਫ਼ੁਹਾਰ!!
ਪਿੰਡ ਦਿਓ.......!!

ਪਿੰਡ ਦਿਓ ਆਜੜੀਓ!
ਹੁਣ ਰੰਗੀਆਂ ਭੇਡਾਂ
ਤੋਰ ਲਿਆਵੋ
ਸੱਤ ਸਮੁੰਦਰੋਂ ਪਾਰ!!
ਨਾਲੇ ਸਾਨੂੰ ਆਣ ਮਿਲਾਵੋ
ਆਲੇ-ਭੋਲੇ ਲੋਲੇ ਸਾਡੇ ਯਾਰ!!